ਸਤੰਬਰ 2005

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 9 ◆ ਸਾਲ ਸਤਾਰਵਾਂ ◆ ਸਤੰਬਰ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 09814053630

e-mail : drjagirsingh@rediffmail.com
Website : www.amritkirtan.org



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਗੁਰਬਾਣੀ ਰਾਗ-ਨਾਦ ਯੋਗ**<br>*ਕਰਤਾਰ ਸਿੰਘ ਨੀਲਧਾਰੀ* | 3 |
| **ਸਾਡੇ ਕੀਰਤਨੀਏ**<br>*ਭਾਈ ਅਵਤਾਰ ਸਿੰਘ ਹੰਸ* | 5 |
| **ਮੇਰੀ ਪਾਕਿਸਤਾਨ ਯਾਤਰਾ**<br>*ਟੀ. ਨਰਿੰਦਰਪਾਲ ਸਿੰਘ* | 8 |
| **ਮੇਰੀ ਮਨਪਸੰਦ ਪੁਸਤਕ**<br>*ਡਾ. ਕੁਲਦੀਪ ਕੌਰ* | 10 |
| **ਬ੍ਰਹਮ ਗਿਆਨੀ ਸੰਤ ਸੁੱਚਾ ਸਿੰਘ ਜੀ...**<br>*ਜਵੱਦੀ ਟਕਸਾਲ* | 12 |
| **ਪੁਸਤਕ ਸਮੀਖਿਆ**<br>*ਗੁਰਜੰਟ ਸਿੰਘ ਰਾਹੀ* | 14 |
| **Music of Ragas...**<br>*Krishnaraj Iyenger* | 16 |
| **Raga's In Rainbiow**<br>*Dr. Rajneet Kaur Walia* | 18 |
| **ਸੁਰ ਲਿਪੀ**<br>*ਡਾ. ਜਾਗੀਰ ਸਿੰਘ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 23 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

## ਕਰਉ ਬੇਨੰਤੀਆ

### ਸੁਹਿਰਦ ਗੁਰਮਤਿ ਪ੍ਰਚਾਰਕ ਭਾਈ ਹਰਚਰਨ ਸਿੰਘ ਜੀ

'ਅੰਮ੍ਰਿਤ ਕੀਰਤਨ' ਪੋਥੀ ਦੇ ਦਰਸ਼ਨ ਬਚਪਨ ਤੋਂ ਕਰਦਾ ਆ ਰਿਹਾ ਹਾਂ। ਮੇਰੇ ਪਿਤਾ ਜੀ ਹਰ ਵੇਲੇ ਇਸ ਪੋਥੀ ਵਿਚੋਂ ਸ਼ਬਦ ਯਾਦ ਕਰਦੇ ਰਹਿੰਦੇ ਸਨ। ਫਿਰ ਜਦੋਂ ਮੈਂ ਕੀਰਤਨ ਆਰੰਭ ਕੀਤਾ ਤਾਂ ਆਪ ਇਹ ਪੋਥੀ ਖਰੀਦੀ। ਇਸ ਪੋਥੀ ਦੇ ਸੰਕਲਨ ਅਤੇ ਸੰਪਾਦਕ ਕਰਤਾ ਦੀ ਸੂਝ ਬਾਰੇ ਅਸ਼ ਅਸ਼ ਕਰਦਾ ਸਾਂ। ਇਸ ਪੋਥੀ ਵਿਚ ਵੱਖ ਵੱਖ ਪ੍ਰਕਰਨਾਂ ਨਾਲ ਸੰਬੰਧਤ ਅਨੇਕਾਂ ਸ਼ਬਦ ਦਿੱਤੇ ਹੋਏ ਹਨ। ਔਖੇ ਸ਼ਬਦਾਂ ਦੇ ਅਰਥ ਵੀ ਦਿੱਤੇ ਹੋਏ ਹਨ। ਇਹ ਪੋਥੀ ਕੀਰਤਨੀਆਂ ਲਈ ਇਕ ਲਾਜ਼ਮੀ ਪੁਸਤਕ ਹੈ। ਨਿਮਰਤਾ ਦੀ ਹੱਦ, ਇਸ ਉੱਤੇ ਕਿਸੇ ਦਾ ਨਾਮ ਨਹੀਂ ਸੀ ਲਿਖਿਆ ਹੋਇਆ। ਫਿਰ ਅਚਾਨਕ ਇਕ ਦਿਨ ਇਸ ਦੇ ਸੰਪਾਦਕ ਭਾਈ ਹਰਚਰਨ ਸਿੰਘ ਜੀ ਨਾਲ ਮੁਲਾਕਾਤ ਹੋ ਗਈ ਤਾਂ ਮੈਂ ਧੰਨ ਧੰਨ ਕਰ ਉੱਠਿਆ।

1974 ਵਿਚ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਲੈਕਚਰਾਰ ਦੇ ਤੌਰ ਤੇ ਸੇਵਾ ਕਰ ਰਿਹਾ ਸਾਂ। ਦਸੰਬਰ ਵਿਚ ਚਮਕੌਰ ਸਾਹਿਬ ਵਿਖੇ ਸਕੂਲਾਂ ਦੇ ਵਿਦਿਆਰਥੀਆਂ ਦਾ ਕੈਂਪ ਲਗਾਉਣਾ ਸੀ। ਇਸ ਕੈਂਪ ਵਿਚ ਵਿਦਿਆਰਥੀਆਂ ਨੂੰ ਹੇਮਕੁੰਟ ਸਾਹਿਬ ਮਿਸ਼ਨ ਵੱਲੋਂ ਤਿਆਰ ਕੀਤੀਆਂ ਸਲਾਇਡਾਂ ਰਾਹੀਂ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣ ਦਾ ਪ੍ਰਬੰਧ ਕਰਨਾ ਸੀ। ਮੈਨੂੰ ਪਤਾ ਲੱਗਾ ਕਿ ਇਹ ਕਾਰਜ ਭਾਈ ਹਰਚਰਨ ਸਿੰਘ ਜੀ ਕਰਦੇ ਸਨ। ਉਦੋਂ ਆਪ ਚੰਡੀਗੜ੍ਹ ਦੇ 21 ਸੈਕਟਰ ਵਿਚ ਰਹਿੰਦੇ ਸਨ। ਜਦੋਂ ਮੈਂ ਆਪ ਦੇ ਘਰ ਮਿਲਣ ਗਿਆ ਤਾਂ ਬਸ ਫਿਰ ਇਹਨਾਂ ਦਾ ਹੀ ਹੋ ਕੇ ਰਹਿ ਗਿਆ। ਗੁਰਮੁਖੀ ਦੀਦਾਰੇ, ਚਿਹਰੇ ਤੇ ਨੂਰ ਅਤੇ ਗੱਲਬਾਤ ਵਿਚ ਅਪੱਣਤ, ਮਿਠਾਸ, ਲਗਨ, ਪਿਆਰ ਇਹਨਾਂ ਖੂਬੀਆਂ ਕਾਰਨ ਮੈਂ ਆਪ ਵੱਲ ਖਿੱਚਿਆ ਗਿਆ। ਜਦੋਂ ਚਮਕੌਰ ਸਾਹਿਬ ਦੇ ਕੈਂਪ ਦੀ ਗੱਲ ਕੀਤੀ ਤਾਂ ਆਪ ਝਟ ਤਿਆਰ ਹੋ ਗਏ। ਸਰਦੀ ਦਾ ਮੌਸਮ ਤੇ ਫਿਰ ਆਪ ਨੇ ਪੇਸ਼ਕਾਰੀ ਰਾਤ ਨੂੰ ਕਰਨੀ ਸੀ। ਪਰ ਆਪ ਨੇ ਜ਼ਰਾ ਵੀ ਝਿਜਕ ਨਹੀਂ ਵਿਖਾਈ। ਚਮਕੌਰ ਸਾਹਿਬ ਰਾਤ ਨੂੰ ਵਿਦਿਆਰਥੀ ਅਤੇ ਸ਼ਹਿਰ ਦੇ ਹੋਰ ਲੋਕ ਇਕੱਤਰ ਹੋਏ ਆਪ ਨੇ ਸਲਾਇਡਾਂ ਵਿਖਾਉਣ ਦੇ ਨਾਲ-ਨਾਲ ਖੁਦ ਵੀ ਇਤਿਹਾਸਕ ਜਾਣਕਾਰੀ ਦਿੱਤੀ ਜਿਸ ਨਾਲ ਵਿਦਿਆਰਥੀਆਂ ਦੇ ਮਨ ਤੇ ਡੂੰਘਾ ਪ੍ਰਭਾਵ ਪਿਆ। ਇਸ ਪ੍ਰੋਗਰਾਮ ਨਾਲ ਸਾਡੇ ਕੈਂਪ ਦੇ ਪ੍ਰਬੰਧਕਾਂ ਦੀ ਵੀ ਸ਼ਲਾਘਾ ਹੋਈ। ਇਸ ਤਰ੍ਹਾਂ ਭਾਈ ਹਰਚਰਨ ਸਿੰਘ ਜੀ ਦੇ ਮਨ ਵਿਚ ਨਵੀਨ ਤਰੀਕਿਆਂ ਰਾਹੀਂ ਗੁਰਸਿੱਖੀ ਦਾ ਪ੍ਰਚਾਰ ਕਰਨ ਦੀ ਲਗਨ ਸੀ।

ਬਾਅਦ ਵਿਚ ਕਿਸੇ ਸਰਕਾਰੀ ਕੰਮ ਮੈਂ ਪੰਜਾਬ ਦੇ ਸੱਭਿਆਚਾਰਕ ਵਿਭਾਗ ਵਿਚ ਗਿਆ ਤਾਂ ਸ. ਜੈਤੇਗ ਸਿੰਘ ਅਨੰਤ ਹੋਰਾਂ ਨਾਲ ਮੇਲ ਹੋਇਆ। ਉਨ੍ਹਾਂ ਤੋਂ ਪਤਾ ਲੱਗਾ ਕਿ ਭਾਈ ਹਰਚਰਨ ਸਿੰਘ ਉਹਨਾਂ ਦੇ ਪਿਤਾ ਹਨ। ਜੈ ਤੇਗ ਸਿੰਘ ਜੀ ਆਪਣੇ ਤਰੀਕੇ ਨਾਲ ਸਿੱਖ ਇਤਿਹਾਸ ਦੀ ਸੰਭਾਲ ਤੇ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਤੋਂ ਭਾਈ ਹਰਚਰਨ ਸਿੰਘ ਜੀ ਬਾਰੇ ਹੋਰ ਕੁਝ ਜਾਨਣ ਦਾ ਮੌਕਾ ਮਿਲਿਆ। ਗੁਰਸਿੱਖੀ ਦੇ ਜਿਹੜੇ ਅਸੂਲਾਂ ਅਤੇ ਰਹਿਤ ਦੀ ਪਾਲਣਾ ਅਸੀਂ ਉਚੇਚ ਨਾਲ ਕਰਦੇ ਹਾਂ, ਉਹ ਭਾਈ ਸਾਹਿਬ ਦੀ ਜੀਵਨ ਸ਼ੈਲੀ ਦਾ ਸਹਿਜ ਅੰਗ ਹਨ। ਆਪ ਸਕੱਤਰੇਤ ਵਿਚ ਨੌਕਰੀ ਕਰਦੇ ਰਹੇ ਹਨ ਪਰ ਆਪਣਾ ਭੋਜਨ, ਪਾਣੀ ਸਮੇਤ ਘਰੋਂ ਲੈ ਕੇ ਜਾਂਦੇ ਸਨ।

ਆਪ ਮੇਰੇ ਲਈ ਪ੍ਰੇਰਨਾ ਸਰੋਤ ਬਣ ਗਏ। ਇਨ੍ਹਾਂ ਨੂੰ ਮਿਲ ਕੇ ਹਮੇਸ਼ਾ ਮਨ ਵਿਚ ਕੁਝ ਕਰਨ ਦੀ ਲਗਨ ਪੈਦਾ ਹੁੰਦੀ ਸੀ। ਆਪ ਰਾਹੀਂ ਤਿਆਰ ਕੀਤੀ ਪੋਥੀ 'ਅੰਮ੍ਰਿਤ ਕੀਰਤਨ' ਦੇ ਨਾਮ ਤੇ ਹੀ ਮਾਸਿਕ ਮੈਗਜ਼ੀਨ 'ਅੰਮ੍ਰਿਤ ਕੀਰਤਨ' ਆਰੰਭ ਕੀਤਾ।

ਉਹ 3 ਜੁਲਾਈ, 2005 ਨੂੰ 92 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਅਕਾਲ ਚਲਾਣੇ ਤੇ ਸਮੂਹ ਕੀਰਤਨੀਆਂ ਵੱਲੋਂ ਉਹਨਾਂ ਨੂੰ ਸ਼ਰਧਾਂਜਲੀ ਅਰਪਨ ਕਰਦਾ ਹਾਂ।

# ਗੁਰਬਾਣੀ ਰਾਗ-ਨਾਦ ਯੋਗ

ਕਰਤਾਰ ਸਿੰਘ ਨੀਲਧਾਰੀ : 162 ਏ, ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ

ਕੀਰਤਨ ਦਾ ਪ੍ਰਕਰਣ ਗੁਰਸਿੱਖੀ ਦਾ ਅਨਿਖੜਵਾ ਅੰਗ ਹੈ ਤੇ ਕੀਰਤਨ ਦੀ ਵਿੱਦਿਆ ਹੀ ਐਸੀ ਹੈ ਜਿਸ ਨਾਲ ਕਿਸੇ ਤਰੀਕੇ ਵੀ ਜੁੜਿਆਂ -ਗਾ ਕੇ ਜਾਂ ਸੁਣ ਕੇ- ਸਿੱਖ ਨੂੰ ਆਤਮ ਪ੍ਰਕਾਸ਼ ਹੋ ਸਕਦਾ ਹੈ ਅਤੇ ਇਸ ਦੇ ਗੁਰਪ੍ਰਸਾਦਿ ਵਜੋਂ ਅਨਹਦ ਨਾਦ ਜਾਂ ਆਨੰਦ ਅਵਸਥਾ ਦੀ ਪ੍ਰਾਪਤੀ ਸਹਿਜੇ ਹੀ ਹੋ ਸਕਦੀ ਹੈ। ਸ਼ਬਦ ਰੂਪ ਗੁਰਬਾਣੀ ਰਾਗ ਸੰਗੀਤ ਨਾਲ ਹੀ ਅਵਤਰਿਤ ਹੋਈ ਹੈ ਅਤੇ ਰਾਗ ਜੁਗਤਿ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਰਵੋਤਮ ਸੰਪਾਦਨਾ ਨਾਲ ਦਰਜ ਕੀਤੀ ਗਈ ਹੈ। ਗੁਰਬਾਣੀ ਨੂੰ ਉਚਾਰਣ ਕਰਨ ਵਾਲੇ ਬ੍ਰਹਮਾਤਮਾ ਦਾ ਸੰਕੇਤਕ ਜਾਂ ਸੂਕਸ਼ਮ ਦੇਹ ਸਰੂਪ ਦੱਸਿਆ ਗਿਆ ਹੈ ਪਰ ਕਿਸੇ ਵੀ ਬ੍ਰਹਮਵਾਦੀ ਦੀ ਬਾਣੀ ਰਚਨਾਕਾਰ ਦੇ ਨਾਮ ਅਧੀਨ ਨਖੇੜ ਕੇ ਦਰਜ ਨਹੀਂ ਕੀਤੀ ਗਈ। ਰਾਗ ਸੰਗੀਤ ਦੇ ਕ੍ਰਮ ਨਾਲ ਦਰਜ ਇਹ ਬਾਣੀ ਇਕੱਤੀ ਰਾਗਾਂ ਸ਼ਾਸ਼ਤਰੀ ਸੰਗੀਤ ਰਾਗਾਂ ਨਾਲ ਮੁੱਖ ਰੂਪ ਵਿਚ ਪਰਿਚੈ ਕਰਾਉਂਦੀ ਹੈ ਅਤੇ ਇੰਨੇ ਹੀ ਉਪ ਰਾਗਾਂ ਨਾਲ ਵੀ ਇਨ੍ਹਾਂ, ਰਾਗਾਂ ਅਧੀਨ ਸਾਂਝ ਪੈਂਦੀ ਹੈ।

ਇਸ ਚਰਚਾ ਨਾਲ ਇਹ ਸਮਝ ਪੈਂਦੀ ਹੈ ਕਿ ਗੁਰਬਾਣੀ ਦੀ ਇਕ ਸਿੱਧੀ ਸੇਧ ਹੈ ਜਿਸ ਵਿਚ ਇਕ ਓਅੰਕਾਰ ਦੇ ਨਾਮ ਸਿਮਰਨ, ਭਗਤੀ ਤੇ ਉਸ ਨਾਲ ਗੁਰੂ ਕਿਰਪਾ ਨਾਲ ਸਖਿਆਤਕਾਰ ਕਰਨਾ ਹਰੇਕ ਗੁਰਸਿੱਖ ਦਾ ਜੀਵਨ ਲਕਸ਼ ਹੈ। ਇਸ ਲਈ ਸਮੇਂ ਅਨੁਸਾਰ ਰਾਗ ਦਾ ਗਾਇਨ ਅਤੇ ਦਰਜ ਰਾਗ ਦੀ ਬਾਣੀ ਦਾ ਗਾਇਨ ਰਹੱਸਪੂਰਨ ਆਤਮਿਕਬੋਧ ਹਰੇਕ ਰਾਗ ਛੁਪਾ ਕੇ ਬੈਠਾ ਹੋਇਆ ਹੈ। ਪੂਰੀ ਮਜ਼ਬੂਰੀ ਵਿਚ ਜਾਂ ਕਹਿ ਲਉ ਕਿ ਸੰਗੀਤ ਮਰਯਾਦਾ ਨਾਲ ਕੋਈ ਸ਼ਬਦ ਰਾਗ ਤੇ ਉਸਦੇ ਨਿਰਧਾਰਿਤ ਸਮੇਂ ਵਿਚ ਹੀ ਗਾਉਣਾ ਚਾਹੀਦਾ ਹੈ, ਪਰ ਉਸ ਸਮੇਂ ਦੀ ਹੀ ਹੋਰ ਨਿਰਧਾਰਿਤ ਰਾਗਾਂ ਵਿਚ ਵੀ ਕਿਸੇ ਵੀ ਰਾਗ ਦੇ ਸਿਰਲੇਖ ਵਾਲੀ ਬਾਣੀ ਦਾ ਕੀਰਤਨ ਗੁਰਮਤਿ ਸੰਗੀਤ ਮਰਯਾਦਾ ਦਾ ਲਖਾਇਕ ਮੰਨਿਆ ਗਿਆ ਹੈ।

ਜਿਸ ਤਰ੍ਹਾਂ ਧਨ ਪਿਰ ਦਾ ਗੁਰਬਾਣੀ ਸੰਵਾਦ ਸਿੱਧਾ ਆਤਮਾ-ਪਰਮਾਤਮਾ ਦਾ ਆਤਮਾ ਪ੍ਰਕਾਸ਼ੀ ਅਨੁਭਵ ਹੋਣ ਦੀ ਸਮਰੱਥਾ ਰੱਖਦਾ ਹੈ, ਇਸੇ ਤਰ੍ਹਾਂ ਰਾਗ ਦੇ ਨਿਯਤ ਸਮੇਂ ਵਿਚ ਉਸ ਰਾਗ ਦੀ ਬਾਣੀ ਦਾ ਗਾਇਨ ਤੇ ਸਰਵਣ ਗਾਇਕ ਤੇ ਸ੍ਰੋਤਾ ਨੂੰ ਅਨਹਦ ਨਾਦ ਦੀ ਅਨੁਭੂਤੀ ਪ੍ਰਕਾਸ਼ ਦੇਣ ਲਈ ਸਮਰੱਥ ਹੈ। ਆਨੰਦ ਸਾਹਿਬ ਦੀ ਬਾਣੀ ਦੀ ਪਹਿਲੀ ਪਉੜੀ ਵਿਚ ਸਤਿਗੁਰੂ ਦੀ ਅੰਤਰ ਆਤਮੇ ਵਿਚ ਦਰਸ਼ਨ ਪ੍ਰਾਪਤੀ ਨਾਲ ਜੁੜੇ ਅਨੁਭਵ ਅਨੁਭੂਤੀ ਦੀ ਤੱਥ ਪੂਰਕ ਮੰਚ ਦ੍ਰਿਸ਼ਾਵਲੀ ਦੇਖਣ ਲਈ ਗੁਰਸਿੱਖ ਨੂੰ ਉਤਸਾਹਿਤ ਕਰਕੇ ਆਨੰਦ ਦੀ ਪਰਿਭਾਸ਼ਾ ਦਾ ਦ੍ਰਿਸ਼ ਰੂਪ ਚਿਤਰਿਆ ਗਿਆ ਹੈ। ਇਹ ਆਨੰਦ ਝਲਕ ਜਦੋਂ ਸਦੀਵੀ ਜਾਂ ਨਿਰਬਾਨ ਕੀਰਤਨ ਦਾ ਰੂਪ ਧਾਰ ਲੈਂਦੀ ਹੈ ਇਸ ਨੂੰ ਅਨਾਹਤ (ਆਹਤ ਜਾਂ ਰੁਕਣ ਵਾਲਾ ਨਹੀਂ-ਲਗਾਤਾਰੀ) ਕੀਰਤਨ ਕਹਿੰਦੇ ਹਨ ਅਤੇ ਬਿਨਾ ਸੰਘਾਤ-ਚੋਟ ਜਾਂ ਛੇੜੇ ਦੇ ਪ੍ਰਗਟ ਹੋਣ ਕਰਕੇ ਵੀ ਅਨਾਹਤ ਕੀਰਤਨ ਜਾਂ ਸੀਮਾ ਰਹਿਤ ਅਨਹਦ ਨਾਦ ਵੀ ਕਹਿੰਦੇ ਹਨ।

ਇਸ ਅਨਦ ਜਾਂ ਅਨਹਦ ਜਾਂ ਅਨਾਹਦ ਕੀਰਤਨ ਦਾ ਸੰਬੰਧ ਕੇਵਲ ਆਤਮਾ ਦੀ ਆਨੰਦ ਅਨੁਭੂਤੀ ਦਾ ਵਿਸ਼ਾ ਹੈ ਜਿਸਦਾ ਸੰਬੰਧ ਦੇਹਾਤੀਤ ਸੂਕਸ਼ਮ ਸਥਿਤੀ ਨਾਲ ਜੁੜਿਆ ਹੋਇਆ ਹੈ। ਕੀਰਤਨ ਤਾਂ ਸਥੂਲ ਸ਼ਰੀਰ ਹੀ ਕਰਦੇ ਹਨ ਅਤੇ ਸ੍ਰੋਤੇ ਵੀ ਸਥੂਲ ਸ਼ਰੀਰ ਵਾਲੇ ਚਾਹੀਦੇ ਹਨ। ਪਰ ਕੀਰਤਨੀਏ ਜਾਂ ਸ੍ਰੋਤੇ ਦੀ ਮਨ ਦੀ ਇਕਾਗ੍ਰਤਾ ਅਤੇ ਆਤਮਿਕ ਅਭਿਆਸ ਸ਼ੈਲੀ ਉਸਨੂੰ ਸਥੂਲ ਤੋਂ ਸੂਕਸ਼ਮ ਵਿਚ ਲੈ ਜਾਣ ਲਈ ਸਮਰੱਥ ਹੈ। ਕਈ ਵਿਰਲੇ ਰਾਗੀ ਕੀਰਤਨੀਏ ਆਪਣੇ ਭਾਵ ਇਕਾਗਰਤਾ ਨਾਲ ਕੀਰਤਨ ਕਰਦੇ ਹੋਏ ਕਿਸੇ ਅਗੰਮੀ ਰੰਗ ਵਿਚ ਪੁੱਜ ਜਾਂਦੇ ਹਨ ਅਤੇ ਸਾਜ਼ ਤੇ ਅਵਾਜ ਭੁੱਲ ਕੇ ਅਨਹਦ ਦੇ ਸ੍ਰੋਤੇ ਬਣ ਜਾਂਦੇ ਹਨ। ਕਈ ਸ੍ਰੋਤੇ ਵੀ ਆਪਣੀ ਮਾਨਸਿਕ ਨਿਰਮਲਤਾ ਨਾਲ ਕੀਰਤਨ ਸੁਣਦੇ ਹੋਏ ਰਹੱਸਮਈ ਲੋਕ ਵਿਚ ਆਨੰਦ ਹਿਲੋਰ ਲੈਣ ਲੱਗ ਪੈਂਦੇ ਹਨ। ਪਰ ਅਜਿਹੇ ਨਜ਼ਾਰੇ ਦਾ ਅਨੁਭਵ ਗੰਭੀਰ ਰਾਗਬੱਧ ਕੀਰਤਨ ਦੇ ਗਾਇਨ ਸ੍ਰਵਨ ਨਾਲ ਹੀ ਸੰਭਵ ਹੁੰਦਾ ਹੈ। ਇਸ ਤਰ੍ਹਾਂ ਗੰਭੀਰ ਵਿਚਾਰ ਨਾਲ ਇਹ ਚੇਤਨਾ ਜਾਗ੍ਰਤ ਹੁੰਦੀ ਹੈ ਕਿ ਗੁਰਬਾਣੀ ਨੂੰ ਰਾਗਬੱਧ ਰੱਖਣਾ ਅਤੇ ਕੀਰਤਨ ਦੀ ਉਪਮਾ ਨੂੰ ਬਾਰ ਬਾਰ ਉਜਾਗਰ ਕਰਨ ਦਾ ਗੁਰੂ ਪਰੋਪਕਾਰ ਇਹੋ ਹੈ ਕਿ ਇਸ ਰਾਹ ਤੇ ਤੁਰ ਕੇ ਕੀਰਤਨ ਗਾਇਨ-ਸਰਵਣ

ਨਾਲ ਮਨ ਨੂੰ ਨਿਰਮਰਤਾ ਤੇ ਪਵਿੱਤਰਤਾ ਦਾ ਪਹਿਰਾਵਾ ਬੜੀ ਛੇਤੀ ਮਿਲ ਜਾਂਦਾ ਹੈ ਅਤੇ ਕੀਰਤਨ ਦੀ ਧੁੰਨਕਾਰ ਵਿਚ ਗੁਆਚ ਕੇ ਅਨਾਹਦ ਨਾਦ ਦੀ ਧੁੰਨਕਾਰ ਦਾ ਆਨੰਦ ਪ੍ਰਸਾਦਿ ਬੜੀ ਸੁਗਮਤਾ ਨਾਲ ਮਿਲ ਜਾਂਦਾ ਹੈ। ਅਜਿਹੀ ਆਤਮਿਕ ਲਕਸ਼ ਪ੍ਰਾਪਤੀ ਲਈ ਹਠਯੋਗੀ ਸ਼ਰੀਰ ਤੇ ਉਮਰਾਂ ਗਾਲ ਦੇਂਦੇ ਹਨ। ਇਹੋ ਸ਼ਬਦ ਸੁਰਤਿ ਦਾ ਮੇਲ ਜਾਂ ਨਾਦ ਯੋਗ ਅਤੇ ਗੁਰਬਾਣੀ ਕੀਰਤਨ ਦੇ ਸੱਚੇ ਸੁੱਚੇ ਗਾਇਕ ਤੇ ਸ੍ਰੋਤੇ ਗੁਰਕਿਰਪਾ ਨਾਲ ਇਹ ਨਾਦ ਯੋਗ ਪ੍ਰਾਪਤ ਕਰ ਲੈਂਦੇ ਹਨ।

ਸੋਰਠ ਮਹਲਾ ੫ (੬੨੩-੨੪) ਦਾ ਇਹ ਸ਼ਬਦ ਸਾਰਾ ਫਲਸਫਾ ਸਪਸ਼ਟ ਕਰ ਦੇਂਦਾ ਹੈ। ਹੋਰ ਵੀ ਅਨੇਕਾਂ ਸ਼ਬਦਾਂ ਦਾ ਸੰਦਰਭ ਦੇਣਾ ਵੀ ਅਉਖਾ ਨਹੀਂ।

*ਗੁਰਿ ਪੂਰੈ ਚਰਨੀ ਲਾਇਆ,*
*ਹਰਿ ਸੰਗ ਸਹਾਈ ਪਾਇਆ॥*
*ਜਹ ਜਾਈਐ ਤਹਾ ਸੁਹੇਲੇ,*
*ਕਰਿ ਕਿਰਪਾ ਪ੍ਰਭਿ ਮੇਲੇ॥*
*ਹਰਿ ਗੁਣ ਗਾਵਹੁ ਸਦਾ ਸੁਭਾਈ,*
*ਮਨ ਚਿੰਦੇ ਸਗਲ ਫਲ ਪਾਵਹੁ*
*ਜੀਅ ਕੈ ਸੰਗਿ ਸਹਾਈ॥ ਰਹਾਉ॥*
*ਨਾਰਾਇਣ ਪ੍ਰਾਣ ਅਧਾਰਾ,*
*ਹਮ ਸੰਤ ਜਨਾਂ ਰੇਨਾਰਾ॥*
*ਪਤਿਤ ਪੁਨੀਤ ਕਰਿ ਲੀਨੇ,*
*ਕਰਿ ਕਿਰਪਾ ਹਰਿ ਜਸੁ ਦੀਨੇ॥੨॥*
*ਪਾਰਬ੍ਰਹਮ ਕਰਿ ਪ੍ਰਤਿਪਾਲਾ,*
*ਸਦ ਜੀਅ ਸੰਗਿ ਰਖਵਾਲਾ॥*
*ਹਰਿ ਦਿਨੁ ਰੈਨਿ ਕੀਰਤਨੁ ਗਾਈਐ,*
*ਬਹੁੜਿ ਨ ਜੋਨੀ ਪਾਈਐ॥੩॥*
*ਜਿਸੁ ਦੇਵੈ ਪੁਰਖੁ ਬਿਧਾਤਾ,*
*ਹਰਿ ਰਸੁ ਤਿਨ ਹੀ ਜਾਤਾ॥*
*ਜਮ ਕੰਕਰੁ ਨੇੜਿ ਨ ਆਇਆ,*
*ਸੁਖੁ ਨਾਨਕ ਸਰਣੀ ਆਇਆ॥*

ਇਸ ਤਰ੍ਹਾਂ ਕੀਰਤਨ ਦੀ ਉਪਮਾ ਦੇ ਸਫਰ ਦਾ ਵਿਚਾਰ ਕਰਕੇ ਜਦੋਂ ਅੱਜ ਕੱਲ ਸੁਗਮ ਜਾਂ ਸਰਲ ਸੰਗੀਤ ਦੇ ਨਾਮ ਤੇ ਕੀਰਤਨ ਕਰਨ ਵਾਲਿਆਂ ਦੀ ਦਲੀਲਾਂ ਸੁਣਦੇ ਹਾਂ ਤਾਂ ਇਹੋ ਸਮਝ ਆਉਂਦੀ ਹੈ ਕਿ ਅਜਿਹੇ ਕੀਰਤਨੀਏ ਲਈ ਇਹ ਕੀਰਤਨ ਇੰਦ੍ਰੀਆਂ ਦੇ ਸੁਖ ਦਾ ਸਾਧਨ ਹੈ। ਅਖੇ ਗਉਣਾ ਸੌਖਾ ਲੱਗਦਾ ਹੈ, ਅਖੇ ਸੁਣਨਾ ਚੰਗਾ ਲੱਗਦਾ ਹੈ, ਅਖੇ ਲੋਕੀ ਪਸੰਦ ਕਰਦੇ ਹਨ ਆਦਿ। ਸ਼ਾਇਦ ਅਜਿਹੀਆਂ ਦਲੀਲਾਂ ਦੇਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਜਿਸ ਸਮੇਂ ਇਸ ਪਵਿੱਤਰ ਬਾਣੀ ਦਾ ਉਚਾਰਨ ਹੋਇਆ ਜਾਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ ਤਾਂ ਸੁਗਮ ਸੰਗੀਤ, ਲੋਕ ਗੀਤ ਤੇ ਭੜਕਾਊ ਸੰਗੀਤ ਦੀ ਕਮੀ ਨਹੀਂ ਸੀ। ਜਦੋਂ ਅਕਬਰ ਨੇ ਬਾਬਾ ਹਰੀਦਾਸ ਦਾ ਗਾਇਨ ਸੁਣਿਆ ਤਾਂ ਤਾਨਸੇਨ ਨੂੰ ਕਿਹਾ ਕਿ ਤੇਰੇ ਰਾਗ ਵਿਚ ਉਹ ਰਸ ਨਹੀਂ ਜੋ ਬਾਬਾ ਜੀ ਦੇ ਗਾਇਨ ਵਿਚ ਹੈ। ਤਾਨਸੇਨ ਨੇ ਕਿਹਾ ਸੀ ਬਾਬਾ ਪਰਮਾਤਮਾ ਨੂੰ ਰਾਜੀ ਕਰਨ ਲਈ ਗਾਉਂਦੇ ਹਨ ਤੇ ਮੇਰਾ ਗਾਇਨ ਤੁਹਾਨੂੰ ਤੇ ਦਰਬਾਰੀਆਂ ਦੀ ਵਾਹਵਾਹੀ ਲੈਣ ਲਈ ਹੈ। ਇਸ ਲਈ ਗੁਰਮਤਿ ਅਨੁਸਾਰ ਤਾਂ ਕੀਰਤਨੀਏ ਨੂੰ ਸਦਾ ਸਤਿਗੁਰੂ-ਪਰਮਾਤਮਾ ਨੂੰ ਖੁਸ਼ ਕਰਨ ਲਈ ਕੀਰਤਨ ਕਰਨਾ ਚਾਹੀਦਾ ਹੈ ਤਾਂ ਫੇਰ ਆਨੰਦ-ਅਨਦ ਦੀ ਝਲਕ ਪ੍ਰਕਾਸ਼ਿਤ ਹੋ ਸਕਦੀ ਹੈ। ਸਥੂਲ ਦੇਹਾਂ ਨਾਲ ਸਥੂਲ ਦੇਹਾਂ ਲਈ ਹੀ ਗੁਰਬਾਣੀ ਗਾਇਨ ਕਰਨ ਦਾ ਅਰਥ ਅਨਾਦਰ, ਅਪਮਾਨ ਤੇ ਮਨਮਤਿ ਹੈ ਅਤੇ ਜੇਕਰ ਸਰੋਤਾ ਕੰਨ ਰਸ ਲਈ ਕੀਰਤਨ ਦਰਬਾਰਾਂ ਵਿਚ ਜਾਂਦਾ ਹੈ ਤਾਂ ਗੁਰਮਤਿ ਤੋਂ ਕੋਹਾਂ ਦੂਰ ਹੈ ਅਤੇ ਸਤਿਸੰਗ ਦੇ ਅਰਥਾਂ ਤੋਂ ਵੀ ਅਨਜਾਣ ਹੈ। ਸਤਿ ਸਰੂਪ ਪਰਮਾਤਮਾ ਦਾ ਹੈ ਅਤੇ ਸਤਿਸੰਗ ਜਾਂ ਸਤਿਸੰਗਤ ਪਰਮਾਤਮਾ ਨਾਲ ਮੇਲ ਦਾ ਹੀ ਨਾਮ ਹੈ।

# ਸਾਡੇ ਕੀਰਤਨੀਏ

ਭਾਈ ਅਵਤਾਰ ਸਿੰਘ ਹੰਸ : ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ, ਮਸਤੂਆਣਾ ਸਾਹਿਬ

## ਭਾਈ ਨਿਰੰਜਨ ਸਿੰਘ ਜੀ ਜਵੱਦੀ ਟਕਸਾਲ ਵਾਲੇ

ਭਾਈ ਸਾਹਿਬ ਭਾਈ ਨਿਰੰਜਨ ਸਿਘ 'ਜਵੱਦੀ' (ਲੁਧਿਆਣਾ) ਵਾਲੇ ਪੰਥ ਦੇ ਪ੍ਰਸਿੱਧ ਕੀਰਤਨੀਏ ਹਨ। ਭਾਈ ਸਾਹਿਬ ਬਹੁਤ ਹੀ ਸੁਰੀਲਾ ਤੇ ਰਸਭਿੰਨਾ ਕੀਰਤਨ ਕਰਦੇ ਹਨ।

ਕੀਰਤਨ ਪ੍ਰੇਮੀ ਸੰਗਤਾਂ ਇਹਨਾਂ ਦੀ ਮਧੁਰ ਆਵਾਜ਼ ਵਿਚ ਰਿਕਾਰਡ ਕੀਰਤਨ ਦੀਆਂ ਕੈਸਟਾਂ ਬੜੇ ਹੀ ਪਿਆਰ ਸਤਿਕਾਰ ਨਾਲ ਸੁਣਦੀਆਂ ਹਨ।

ਭਾਈ ਨਿਰੰਜਨ ਸਿੰਘ ਜੀ ਦਾ ਜਨਮ 25/4/1967 ਵਿਚ ਪਿਤਾ ਸ. ਤੇਜਾ ਸਿੰਘ, ਮਾਤਾ ਈਸ਼ਰ ਕੌਰ ਦੇ ਘਰ ਪਿੰਡ ਡਸਕਾ ਜ਼ਿਲ੍ਹਾ ਮਾਨਸਾ ਵਿਚ ਹੋਇਆ।

ਗੁਰਮਤਿ ਦੀ ਲਗਨ ਆਪ ਜੀ ਨੂੰ ਵਿਰਸੇ ਵਿਚੋਂ ਹੀ ਲੱਗੀ, ਦਾਦਾ ਜੀ ਤੇ ਵੱਡੇ ਭਰਾ ਗੁਰੂ ਘਰ ਵਿਚ ਸੇਵਾ ਕਰਦੇ ਸਨ।

ਗੁਰਬਾਣੀ ਪਾਠ ਦੀ ਸਿੱਖਿਆ ਆਪ ਜੀ ਨੇ 13 ਸਾਲ ਦੀ ਉਮਰ ਵਿਚ ਆਪਣੇ ਵੱਡੇ ਭਰਾ ਭਾਈ ਕਰਮ ਸਿੰਘ ਜੀ ਪਾਸੋਂ ਲੈਣੀ ਆਰੰਭ ਕੀਤੀ।

ਕੀਰਤਨ ਦੀ ਮੁੱਢਲੀ ਜਾਣਕਾਰੀ ਵੀ ਇਨ੍ਹਾਂ ਨੇ ਆਪਣੇ ਭਰਾਤਾ ਜੀ ਪਾਸੋਂ ਪ੍ਰਾਪਤ ਕੀਤੀ। ਫਿਰ ਆਪ ਮਾਨਸਾ ਅਤੇ ਬਠਿੰਡੇ ਵਿਖੇ ਵੀ ਚੰਗੇ ਉਸਤਾਦਾਂ ਪਾਸੋਂ ਕੀਰਤਨ ਤੇ ਤਬਲੇ ਦੀ ਤਾਲੀਮ ਹਾਸਲ ਕਰਦੇ ਰਹੇ।

1983 ਵਿਚ ਭਾਈ ਨਿਰੰਜਨ ਸਿੰਘ ਜੀ ਨੇ ਪਿੰਡ ਕਾਂਝਲਾ ਜਿਲਾ ਸੰਗਰੂਰ ਵਿਖੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਤੇ ਰਾਗੀ ਦੀ ਡਿਊਟੀ ਸ਼ੁਰੂ ਕੀਤੀ। ਇੱਥੇ ਹੀ ਆਪ ਜੀ ਦਾ ਮੇਲ ਮਹਾਨ ਸੰਗੀਤ ਉਸਤਾਦ ਰਾਗੀ ਜਰਨੈਲ ਸਿੰਘ ਜੀ 'ਗੰਗਾ ਨਗਰ' ਵਾਲਿਆਂ ਨਾਲ ਹੋਇਆ। ਰਾਗੀ ਜੀ ਗੁ. ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਕੀਰਤਨ ਕਰਨ ਤੇ ਸਿਖਾਉਣ ਦੀ ਸੇਵਾ ਕਰ ਰਹੇ ਸਨ।

ਰਾਗੀ ਜੀ ਨੇ ਭਾਈ ਨਿਰੰਜਨ ਸਿੰਘ ਦੀ ਸੁਰੀਲੀ ਆਵਾਜ਼ ਸੁਣ ਕੇ ਸੰਗੀਤ ਪ੍ਰਤੀ ਲਗਨ ਦੇਖ ਕੇ ਇਨ੍ਹਾਂ ਨੂੰ ਗ੍ਰੰਥੀ ਦੀ ਡਿਊਟੀ ਛੱਡ ਕੇ ਕੀਰਤਨ ਸਿੱਖਣ ਦੀ ਸਲਾਹ ਦਿੱਤੀ। ਇਸ ਤਰ੍ਹਾਂ ਕਾਫੀ ਸਮਾਂ ਭਾਈ ਨਿਰੰਜਨ ਸਿੰਘ ਜੀ ਨੇ ਰਾਗੀ ਜੀ ਤੋਂ ਰਾਗ ਵਿੱਦਿਆ ਦੀ ਤਾਲੀਮ ਹਾਸਲ ਕੀਤੀ ਤੇ ਵਧੀਆ ਕੀਰਤਨ ਕਰਨ ਲੱਗ ਪਏ।

ਇਸੇ ਸਮੇਂ ਦੌਰਾਨ ਦਾਸ ਆਪਣੇ ਪਿਤਾ ਜੀ ਨਾਲ ਸੰਗਰੂਰ ਗੁ. ਹਰਿਗੋਬਿੰਦ ਪੁਰਾ ਵਿਖੇ ਸੇਵਾ ਕਰ ਰਹੇ ਸਨ। ਪਿਤਾ ਜੀ ਨਾਲ ਰਾਗੀ ਜੀ ਦਾ ਬਹੁਤ ਪਿਆਰ ਸੀ। ਉਹ ਭਾਈ ਨਿਰੰਜਨ ਸਿੰਘ ਜੀ ਨੂੰ ਨਾਲ ਲੈ ਕੇ ਸਾਡੇ ਕੋਲ ਦੋ-ਚਾਰ ਦਿਨਾਂ ਬਾਅਦ ਆਉਂਦੇ ਰਹਿੰਦੇ ਸਨ। ਭਾਈ ਨਿਰੰਜਨ ਸਿੰਘ ਨਾਲ ਤਬਲੇ ਤੇ ਰਿਆਜ਼ ਕਰਨ ਦਾ ਦਾਸ ਨੂੰ ਮੌਕਾ ਮਿਲਦਾ ਰਹਿੰਦਾ ਸੀ।

ਗੁਰਮਤਿ ਸੰਗੀਤ ਦੀ ਹੋਰ ਉੱਚ ਤਾਲੀਮ ਪ੍ਰਾਪਤ ਕਰਨ ਲਈ ਭਾਈ ਨਿਰੰਜਨ ਸਿੰਘ ਨੇ ਪੰਥ ਦੇ ਮਹਾਨ ਸੰਗੀਤ ਅਚਾਰੀਆ ਉਸਤਾਦ ਸੰਤ ਸਰਵਨ ਸਿੰਘ ਜੀ 'ਗੰਧਰਵ' (ਡੁਮੇਲੀ ਵਾਲਿਆਂ) ਨੂੰ ਆਪਣਾ ਉਸਤਾਦ ਧਾਰਿਆ।

ਗੰਧਰਬ ਸਾਹਿਬ ਜੀ ਨੇ ਬੜੇ ਪਿਆਰ ਨਾਲ ਇਹਨਾਂ ਨੂੰ ਰਾਗ ਵਿੱਦਿਆ ਪ੍ਰਦਾਨ ਕਰਕੇ ਕੀਰਤਨ ਕਲਾ ਵਿਚ ਨਿਪੁੰਨ ਕੀਤਾ। ਮਹਾਨ ਗੁਣੀ ਜਨਾਂ ਤੋਂ ਗੁਰਮਤਿ ਸੰਗੀਤ ਦੀ ਉਚ ਤਾਲੀਮ ਪ੍ਰਾਪਤ ਕਰਕੇ ਭਾਈ ਸਾਹਿਬ ਜੀ ਨੇ ਕੀਰਤਨ ਖੇਤਰ ਵਿਚ ਪ੍ਰਵੇਸ਼ ਕੀਤਾ ਤੇ ਨਾਮਣਾ ਖੱਟਿਆ। 1986 ਵਿਚ ਆਪ ਜੀ ਨੇ ਆਪਣਾ ਸੁਤੰਤਰ ਜੱਥਾ ਬਣਾ ਕੇ ਭਾਰਤ ਵਿਚ ਕੀਰਤਨ ਕਰਨਾ ਸ਼ੁਰੂ ਕੀਤਾ। ਕੁਝ ਸਮਾਂ ਜੱਥੇ ਸਮੇਤ ਮੁਜਫਰ ਨਗਰ ਫਿਰ ਸ੍ਰੀ ਪਟਨਾ ਸਾਹਿਬ ਵਿਖੇ ਕੀਰਤਨ ਸੇਵਾ ਕੀਤੀ। 1987 ਵਿਚ ਆਪ ਜੀ ਦਾ ਮੇਲ ਪੰਥ ਦੀ ਮਹਾਨ ਹਸਤੀ ਗੁਰਮਤਿ ਸੰਗੀਤ ਦੇ ਮਹਾਨ ਪ੍ਰਚਾਰਕ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਵਾਲਿਆਂ ਨਾਲ ਹੋਇਆ। ਬਾਬਾ ਜੀ ਭਾਈ ਨਿਰੰਜਨ ਸਿੰਘ ਜੀ ਹੁਰਾਂ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ। ਇਹਨਾਂ ਨੂੰ ਪੱਕੇ ਤੌਰ ਤੇ ਆਪਣੇ ਕੋਲ ਜਵੱਦੀ ਰਹਿਣ ਲਈ ਪ੍ਰੇਰਿਆ। ਫਿਰ 1988 ਤੋਂ ਲੈ ਕੇ 1993 ਤੱਕ ਭਾਈ ਸਾਹਿਬ ਜੀ ਨੇ ਗੁ. ਗੁਰ ਗਿਆਨ ਪ੍ਰਕਾਸ਼ ਜਵੱਦੀਕਲਾਂ ਵਿਖੇ ਬਤੌਰ ਹਜ਼ੂਰੀ ਰਾਗੀ ਸੇਵਾ ਨਿਵਾਈ। ਇੱਥੇ ਹੀ ਆਪ ਜੀ ਨੇ ਕੀਰਤਨ ਖੇਤਰ ਵਿਚ ਤਰੱਕੀ ਕੀਤੀ ਤੇ ਆਪ ਸੰਤ ਨਿਰੰਜਨ ਸਿੰਘ ਜਵੱਦੀ ਕਲਾਂ ਦੇ ਨਾਮ ਨਾਲ ਪ੍ਰਸਿੱਧ

ਹੋਏ। ਇੱਥੇ ਹੀ ਆਪ ਨੇ ਮਹਾਨ ਸੰਗੀਤਕਾਰ ਉਸਤਾਦ ਜਸਵੰਤ ਸਿੰਘ ਭੰਵਰਾ ਸਾਹਿਬ ਜੀ ਪਾਸੋਂ ਵੀ ਸੰਗੀਤ ਦੀਆਂ ਸੂਖਮ ਕਲਾਵਾਂ ਦੀ ਸੂਝ ਪ੍ਰਾਪਤ ਕੀਤੀ। 1/5/1994 ਵਿਚ ਭਾਈ ਸਾਹਿਬ ਦਾ ਸ਼ੁਭ ਵਿਆਹ ਬੀਬੀ ਰਣਜੀਤ ਕੌਰ ਲੁਧਿਆਣਾ ਨਿਵਾਸੀ ਨਾਲ ਹੋਇਆ। ਹੁਣ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਤਿੰਨ ਬੱਚੇ ਸਪੁੱਤਰ ਕਾਕਾ ਅਕਾਲ ਰੂਪ ਸਿੰਘ, ਕਾਕਾ ਮਨਮਾਹੀ ਸਿੰਘ ਤੇ ਬੇਟੀ ਜਸ ਸਿਮਰਨ ਕੌਰ ਹੈ।

ਆਪ ਜੀ ਦੀ ਮਧੁਰ ਆਵਾਜ਼ ਵਿਚ ਪਹਿਲੀ ਕੈਸਟ "ਗੁਰ ਪ੍ਰਮੇਸਰ ਪੂਜੀਐ" ਪੈਰੀਟੋਨ ਕੰਪਨੀ ਵਿਚ ਆਈ। ਹੁਣ ਤੱਕ 40-50 ਕੈਸਟਾਂ ਤੇ ਸੀਡੀਜ਼ ਤੇ ਹੋਰ ਪ੍ਰਸਿੱਧ ਕੰਪਨੀਆਂ ਵਿਚ ਆ ਚੁੱਕੀਆਂ ਹਨ ਤੇ ਬਹੁਤ ਪਾਪੂਲਰ ਹੋਈਆਂ ਹਨ।

ਸੰਗਤਾਂ ਦੇ ਸੱਦੇ ਤੇ ਆਪ ਜੀ ਸਿੰਘਾਪੁਰ, ਮਲੇਸ਼ੀਆ, ਆਸਟ੍ਰੇਲੀਆ, ਯੂ.ਕੇ. ਅਮਰੀਕਾ, ਕਨੇਡਾ ਆਦਿ ਸਾਰੇ ਦੇਸਾਂ ਵਿਚ ਸੰਗਤਾਂ ਨੂੰ ਕੀਰਤਨ ਸੁਣਾ ਆਏ ਹਨ। ਆਪ ਜੀ ਜੱਥੇ ਵਿਚ ਭਾਈ ਅੰਮ੍ਰਿਤ ਸਿੰਘ ਸਹਾਇਕ ਤੇ ਭਾਈ ਅੰਮ੍ਰਿਤਪਾਲ ਸਿੰਘ ਸੰਗਰੂਰ ਨੇ ਕਾਫੀ ਸਮਾਂ ਸਾਥ ਦਿੱਤਾ ਹੈ। 1995 ਤੋਂ 1999 ਤੱਕ ਪ੍ਰਸਿੱਧ ਤਬਲਾ ਵਾਦਕ ਭਾਈ ਹਰਜੀਤ ਸਿੰਘ 'ਬਿਟੂ ਜੀ' ਨੇ ਤਬਲੇ ਤੇ ਸੰਗਤ ਕੀਤੀ ਹੈ। ਭਾਰਤ ਦੇ ਪ੍ਰਸਿੱਧ ਸ਼ਹਿਰਾਂ ਵਿਚ ਗੁਰਮਤਿ ਸਮਾਗਮਾਂ ਵਿਚ ਕੀਰਤਨ ਦਰਬਾਰਾਂ ਵਿਚੋਂ ਸੰਗਤਾਂ ਬੜੇ ਪਿਆਰ ਨਾਲ ਭਾਈ ਸਾਹਿਬ ਪਾਸੋਂ ਕੀਰਤਨ ਸ੍ਰਵਣ ਕਰਦੀਆਂ ਹਨ। ਅਰਦਾਸ ਕਰਦੇ ਹਾਂ ਅਕਾਲ ਪੁਰਖ ਕ੍ਰਿਪਾ ਕਰਨ ਭਾਈ ਸਾਹਿਬ ਇਸੇ ਤਰ੍ਹਾਂ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕਰਦੇ ਰਹਿਣ ਤੇ ਤਰੱਕੀਆਂ ਕਰਨ।

**ਭਾਈ ਅਵਤਾਰ ਸਿੰਘ ਜੀ 'ਆਜ਼ਿਜ'**
**ਜਲੰਧਰ ਵਾਲੇ**

*ਕੀਰਤਨ ਇਕ ਬੰਦਗੀ ਹੈ ਤੇ ਪ੍ਰਭੂ ਪ੍ਰਾਪਤੀ ਦਾ ਸੁਖੈਨ ਤੇ ਸੁਖਾਵਾਂ ਸਾਧਨ ਹੈ। ਗੁਰੂ ਕੀਰਤਨੀਆਂ ਨੂੰ ਪੁਰਾਤਨ ਕੀਰਤਨ ਪਰੰਪਰਾ ਅਨੁਸਾਰ ਕੀਰਤਨ ਕਰਨਾ ਚਾਹੀਦਾ ਹੈ। ਪਹਿਲਾ ਸ਼ਬਦ ਸਮੇਂ ਦੇ ਜਾਂ ਮੌਸਮੀ ਰਾਗ ਵਿਚ ਗਾਇਨ ਕਰਨਾ ਚਾਹੀਦਾ ਹੈ। ਫਿਰ ਇਕ ਪ੍ਰਕਰਣ ਲੈ ਕੇ ਢੁਕਵੇਂ ਪ੍ਰਮਾਣਾਂ ਸਹਿਤ 'ਸ਼ਬਦ ਪ੍ਰਧਾਨ ਕੀਰਤਨ ਕਰਨਾ ਚਾਹੀਦਾ ਹੈ' ਲੋੜ ਅਨੁਸਾਰ ਸੰਖੇਪ ਵਿਆਖਿਆ ਵੀ ਹੋ ਸਕਦੀ ਹੈ।*

*ਪਰ ਅਜੋਕੇ ਕਈ ਨਾਮਵਰ ਕੀਰਤਨੀਏ ਕੇਵਲ ਫੋਕੀ ਸ਼ੋਹਰਤ ਤੇ ਦੌਲਤ ਲਈ ਉਪਰੋਕਤ ਕੀਰਤਨ ਪਰੰਪਰਾ ਦਾ ਤਿਆਗ ਕਰਕੇ ਰਾਗਦਾਰੀ ਨੂੰ ਲਾਂਭੇ ਰੱਖ ਕੇ ਫਿਲਮੀ ਧੁਨਾਂ ਵੀ ਸ਼ਰੇਆਮ ਵਰਤੋਂ ਕਰਦੇ ਹਨ। ਕਈ ਤਾਂ ਗੁਰਬਾਣੀ ਛੱਡ ਕੇ ਗੀਤ ਹੀ ਗਾਉਣ ਲੱਗ ਪਏ ਹਨ। ਜੋ ਕਿ ਅੱਛੇ ਰਾਗੀ ਤੇ ਗੁਰਮਤਿ ਦੇ ਅਨੁਕੂਲ ਨਹੀਂ। ਕੀਰਤਨ ਸਾਡੇ ਲਈ ਕਿਰਤ ਵੀ ਹੈ ਤੇ ਕੀਰਤੀ ਵੀ ਹੈ। ਕੀਰਤਨ ਬਾਰੇ ਇਹ ਅਨਮੋਲ ਵਿਚਾਰ ਹਨ-*

ਪੰਥ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਆਜ਼ਿਜ ਜਲੰਧਰ ਵਾਲਿਆਂ ਦੇ। ਭਾਈ ਸਾਹਿਬ ਗੁਰਮਤਿ ਸੰਗੀਤ ਦੀ ਪਰੰਪਰਾਗਤ ਵਿਧੀ ਅਨੁਸਾਰ ਸੁਰੀਲਾ ਤੇ ਰਸਭਿਨਾ ਕੀਰਤਨ ਕਰਦੇ ਹਨ।

ਭਾਈ ਅਵਤਾਰ ਸਿੰਘ ਜੀ ਦਾ ਜਨਮ ਮਾਤਾ ਹਰਬੰਸ ਕੌਰ ਤੇ ਪਿਤਾ ਸ. ਭਗਵਾਨ ਸਿੰਘ ਦੇ ਘਰ ਪਿੰਡ ਤੁੜ, ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਵਿਖੇ 30 ਜੂਨ 1954 ਵਿਚ ਹੋਇਆ। ਘਰ ਵਿਚ ਸੰਗੀਤਕ ਤੇ ਧਾਰਮਿਕ ਮਾਹੌਲ ਕਰਕੇ ਬਚਪਨ ਤੋਂ ਹੀ ਸੰਗੀਤ ਦੀ ਲਗਨ ਲੱਗੀ। ਰਾਗ ਵਿੱਦਿਆ ਦੀ ਤਾਲੀਮ ਆਪ ਜੀ ਨੇ ਉਸਤਾਦ ਬੂਆ ਦਿੱਤਾ ਜੀ ਪਾਸੋਂ ਪ੍ਰਾਪਤ ਕੀਤੀ।

ਉਸਤਾਦ ਜੀ ਜੰਮੂ ਰੇਡੀਓ ਸਟੇਸ਼ਨ ਤੇ ਸਾਰੰਗੀ ਵਾਦਕ ਸਨ। ਉਨ੍ਹਾਂ ਪਾਸੋਂ ਲਗਭਗ 3 ਸਾਲ ਆਪ ਨੇ ਸ਼ਾਸਤਰੀ ਸੰਗੀਤ ਦੀ ਉੱਚ ਤਾਲੀਮ ਹਾਸਲ ਕੀਤੀ।

1978 ਵਿਚ ਭਾਈ ਅਵਤਾਰ ਸਿੰਘ ਆਜ਼ਿਜ ਹੁਰਾਂ ਨੇ ਆਪਣਾ ਸੁਤੰਤਰ ਕੀਤਰਨੀ ਜੱਥਾ ਬਣਾ ਕੇ ਕੀਰਤਨ ਸੇਵਾ ਆਰੰਭ ਕੀਤੀ। ਸ਼ੁਰੂ ਤੋਂ ਹੀ ਆਪ ਜੀ ਦੇ ਦੋਵੇਂ ਛੋਟੇ ਭਰਾ ਭਾਈ ਗੁਰਮੇਲ ਸਿੰਘ ਸਹਾਇਕ ਤੌਰ ਤੇ ਭਾਈ ਅਮਰੀਕ ਸਿੰਘ ਤਬਲੇ ਤੇ ਸੰਗਤ ਕਰਦੇ ਆ ਰਹੇ ਹਨ।

ਰੇਡੀਓ ਟੀ.ਵੀ. ਦੇ ਆਪ ਜੀ ਪ੍ਰਵਾਨਤ ਕਲਾਕਾਰ ਹਨ। ਕਈ ਵਾਰ ਰੇਡੀਓ ਟੀ. ਵੀ. ਤੋਂ ਸ਼ਬਦ ਗਾਇਨ ਪ੍ਰਸਤੁਤ ਹੋਇਆ ਹੈ।

ਸਭ ਤੋਂ ਪਹਿਲਾਂ 1978 ਵਿਚ ਇਹਨਾਂ ਨੇ ਗੁ. ਕਲਗੀਧਰ ਬੀ. ਸੀ. ਰੋਡ ਰਿਹਾੜੀ ਫਿਰ ਗੁ. ਸਾਹਿਬ ਰਜੌਰੀ ਗਾਰਡਨ ਦਿੱਲੀ, ਗੁ. ਕਲਗੀਧਰ ਲੁਧਿਆਣਾ ਵਿਖੇ ਵੀ ਸੇਵਾ ਕੀਤੀ। ਭਾਰਤ ਦੇ ਪ੍ਰਸਿੱਧ ਸ਼ਹਿਰਾਂ ਵਿਚ ਆਪ ਜੀ ਨੂੰ ਕੀਰਤਨ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ। ਕੀਰਤਨ ਸੇਵਾ ਦੌਰਾਨ ਭਾਈ ਸਾਹਿਬ ਨੂੰ ਕਈ ਥਾਵਾਂ ਸੰਗਤਾਂ ਵਲੋਂ ਸਨਮਾਨਿਤ ਕੀਤਾ ਗਿਆ ਹੈ। ਕੀਰਤਨ ਪ੍ਰਚਾਰ ਸਦਕਾ ਹੀ ਆਪ ਜੀ ਨੂੰ ਕਈ ਵਾਰ ਮਲੇਸ਼ੀਆ, ਸਿੰਘਾਪੁਰ, ਥਾਈਲੈਂਡ, ਕਨੇਡਾ, ਇੰਗਲੈਂਡ, ਆਸਟ੍ਰੇਲੀਆ, ਅਮਰੀਕਾ ਆਦਿ ਦੇਸ਼ਾਂ ਵਿਚ ਸਿੱਖ ਸੰਗਤਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਹੈ।

## ਅੰਮ੍ਰਿਤ ਕੀਰਤਨ

'ਇੰਦਰ ਲੋਕ' ਕੈਸਟ ਕੰਪਨੀ ਵੱਲੋਂ ਆਪ ਜੀ ਦੀ ਮਧੁਰ ਆਵਾਜ਼ ਵਿਚ ਅੰਮ੍ਰਿਤ ਵਰਖਾ, ਅਤੇ ਐੱਸ. ਐਮ. ਸੀ. ਕੰਪਨੀ ਵੱਲੋਂ "ਕਰਿ ਕ੍ਰਿਪਾ ਮੇਲਹੁ ਰਾਮ" ਕੈਸਟ ਤਿਆਰ ਕੀਤੀਆਂ ਹਨ।

ਕੀਰਤਨ ਤੋਂ ਇਲਾਵਾ ਭਾਈ ਸਾਹਿਬ ਜੀ ਨੂੰ ਧਾਰਮਿਕ ਕਵਿਤਾਵਾਂ ਲਿਖਣ ਤੇ ਪੜ੍ਹਣ ਦਾ ਸ਼ੌਂਕ ਹੈ। ਵਧੇਰੇ ਸਮਾਂ ਕੀਰਤਨ ਦਾ ਅਤੇ ਗੁਰਬਾਣੀ ਦਾ ਅਧਿਐਨ ਕਰਦੇ ਹਨ।

ਗੁਰ ਕ੍ਰਿਪਾ ਸਦਕਾ ਭਾਈ ਸਾਹਿਬ 25 ਕੁ ਰਾਗਾਂ ਵਿਚ ਕੀਰਤਨ ਕਰਨ ਦੀ ਯੋਗਤਾ ਰੱਖਦੇ ਹਨ। 850 ਦੇ ਕਰੀਬ ਸ਼ਬਦ ਆਪ ਜੀ ਨੂੰ ਕੰਠ ਹਨ।

ਟਕਸਾਲੀ ਸੰਗੀਤ ਕੀਰਤਨਕਾਰਾਂ ਵਿਚੋਂ ਆਪ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ, ਭਾਈ ਨਿਰਮਲ ਸਿੰਘ ਜੀ ਖਾਲਸਾ, ਪ੍ਰੋ. ਦਰਸਨ ਸਿੰਘ ਖਾਲਸਾ ਅਤੇ ਭਾਈ ਗੁਰਮੀਤ ਸਿੰਘ ਜੀ ਸ਼ਾਂਤ ਹੁਰਾਂ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹਨ।

ਅਕਾਲ ਪੁਰਖ ਕ੍ਰਿਪਾ ਕਰਨ ਭਾਈ ਅਵਤਾਰ ਸਿੰਘ ਆਜ਼ਿਜ ਸਾਹਿਬ ਸੰਗਤਾਂ ਨੂੰ ਕੀਰਤਨ ਦੁਆਰਾ ਗੁਰੂ ਘਰ ਨਾਲ ਜੋੜਦੇ ਰਹਿਣ।

# ਮੇਰੀ ਪਾਕਿਸਤਾਨ ਯਾਤਰਾ

ਟੀ. ਨਰਿੰਦਰਪਾਲ ਸਿੰਘ : ਕੇ ਜੀ/21, ਵਿਕਾਸ ਪੁਰੀ, ਨਵੀਂ ਦਿੱਲੀ 110 018

1947 ਦੀ ਮੁਲਕ ਵੰਡ ਸਮੇਂ ਅਸੀਂ ਆਪਣੀ ਜਨਮ ਭੂਮੀ ਗੁਜਰਾਂਵਾਲਾ ਛੱਡ ਆਏ। ਪਰ ਉੱਥੋਂ ਦੀਆਂ ਮਿੱਠੀਆਂ ਯਾਦਾਂ, ਆਪਣੇ ਬਚਪਨ ਦੇ ਦਿਨ ਅਤੇ ਉਥੋਂ ਦੇ ਸੱਜਣਾਂ-ਮਿੱਤਰਾਂ ਦਾ ਪਿਆਰ ਮਨ ਵਿਚ ਲੈ ਆਏ। ਸਮਾਂ ਬੀਤਦਾ ਗਿਆ, ਆਪ ਦੀ ਜਨਮ ਭੂਮੀ ਦੀਆਂ ਯਾਦਾਂ ਸਦਾ ਮਨ ਵਿਚ ਸੁਲਗਦੀਆਂ ਰਹੀਆਂ। ਉਥੋਂ ਦਾ ਘਰ, ਜਿੱਥੇ ਆਪਣਾ ਬਚਪਨ ਬੀਤਿਆ ਤੇ ਵੱਡੇ ਹੋਏ, ਉਥੋਂ ਦੀਆਂ ਗਲੀਆਂ ਮੁਹੱਲੇ ਤੇ ਮਿੱਤਰ ਯਾਰ, ਸਭ ਯਾਦਾਂ ਆਉਂਦੀਆਂ ਰਹੀਆਂ।

ਐਤਕੀਂ 58 ਸਾਲ ਬਾਅਦ ਮੇਰੇ ਲੜਕੇ ਮਨਧੀਰਪਾਲ ਸਿੰਘ ਜੋ ਆਸਟ੍ਰੇਲੀਆ ਹੁੰਦਾ ਹੈ। ਉਸਨੇ ਉੱਦਮ ਕੀਤਾ ਕਿ ਉਹ ਇਸ ਵਾਰ ਸਾਨੂੰ ਗੁਜਰਾਂਵਾਲਾ ਜ਼ਰੂਰ ਲੈ ਕੇ ਜਾਵੇਗਾ। ਸਾਡੇ ਪੁਰਾਣੇ ਪਰਿਵਾਰਕ ਮਿੱਤਰ ਜਿਨ੍ਹਾਂ ਦੇ ਪਿਤਾ ਜੀ ਤੇ ਸਾਡੇ ਪਿਤਾ ਜੀ ਪੱਗ ਵਟ ਭਰਾ ਬਣੇ ਹੋਏ ਸਨ। ਸਾਡਾ ਉੱਥੇ ਫੈਕਟਰੀ ਦਾ ਕੰਮ ਸਾਂਝਾ ਸੀ। ਉਹ ਸੰਬੰਧ ਹੁਣ ਤੱਕ ਬੜਾ ਨਿੱਗਰ ਤੌਰ ਤੇ ਕਾਇਮ ਹੈ। ਉਹਨਾਂ ਉੱਥੋਂ ਮੈਨੂੰ ਤੇ ਮੇਰੀ ਪਤਨੀ ਹਰਬੰਸ ਕੌਰ ਜੀ ਦਾ ਵੀਜਾ ਲਗਵਾਉਣ ਲਈ ਸਪਾਂਸਰ ਕੀਤਾ। ਸੋ ਵਾਹਿਗੁਰੂ ਜੀ ਦੀ ਮਿਹਰ ਸਦਕਾ ਸਾਨੂੰ ਗੁਜਰਾਂਵਾਲਾ, ਲਾਹੌਰ, ਨਨਕਾਣਾ ਸਾਹਿਬ, ਤੇ ਪੰਜਾ ਸਾਹਿਬ ਜਾਣ ਦੀ ਇਜਾਜ਼ਤ ਮਿਲ ਗਈ।

ਕਾਕਾ ਮਨਧੀਰਪਾਲ ਸਿੰਘ ਇਕ ਹਫਤੇ ਦੀ ਛੁੱਟੀ ਲੈ ਕੇ ਇੱਥੇ ਪੁੱਜਿਆ। ਇੱਥੋਂ ਅਸੀਂ 19 ਮਾਰਚ 2005 ਨੂੰ ਸ਼ਾਮੀਂ 7.30 ਵਜੇ ਦਿੱਲੀ ਏਅਰਪੋਰਟ ਤੇ ਪੁੱਜੇ। 50 ਮਿੰਟ ਦੀ ਫਲਾਈਟ ਸੀ। ਲਾਹੌਰ ਏਅਰਪੋਰਟ 'ਤੇ ਸਾਡੇ ਪਿਆਰੇ ਭਾਈ ਜ਼ੀਆ ਉਲ ਅਰਫਾਨੀ ਤੇ ਉਨ੍ਹਾਂ ਦੇ ਬੱਚਿਆਂ ਨੇ ਸਾਡਾ ਬੜਾ ਨਿੱਘਾ ਸੁਆਗਤ ਕੀਤਾ ਤੇ ਜੀ ਆਇਆ ਨੂੰ ਕਿਹਾ। ਕੁਝ ਟਾਇਮ ਤਾਂ ਉਹਨਾਂ ਨੇ ਸਾਨੂੰ ਲਾਹੌਰ ਦੀ ਸੈਰ ਕਰਵਾਈ ਤੇ ਪੁਰਾਣੀਆਂ ਯਾਦਾਂ ਫਿਰ ਨਵੀਆਂ ਕਰ ਦਿੱਤੀਆਂ। ਫੂਡ ਸਟਰੀਟ, ਪੁਰਾਣੀ ਗਵਾਲ ਮੰਡੀ ਵਿਚ ਖਾਣਾ ਖਾਧਾ। ਆਪਣੇ ਸ਼ਹਿਰ ਗੁਜਰਾਂਵਾਲਾ ਰਾਤੀਂ 1 ਵਜੇ ਪੁੱਜੇ।

ਸਾਰਾ ਪਰਿਵਾਰ ਬੜੀ ਬੇਸਬਰੀ ਨਾਲ ਸਾਡਾ ਇੰਤਜਾਰ ਕਰ ਰਿਹਾ ਸੀ। ਖਾਸ ਕਰਕੇ ਬਜ਼ੁਰਗ ਚਾਚੀ ਜੀ ਨੇ ਪਿਆਰ ਦਿੱਤਾ। ਮੁੜ ਉਹ ਹੀ ਵਾਤਾਵਰਨ 58 ਸਾਲ ਪਹਿਲਾਂ ਵਾਲਾ ਮਹਿਸੂਸ ਹੋਣ ਲੱਗਾ। ਦੂਜੇ ਦਿਨ ਜ਼ੀਆ ਜੀ ਨੇ ਕਾਫੀ ਮਿੱਤਰਾਂ ਤੇ ਬਜ਼ੁਰਗਾਂ ਨਾਲ ਮੁਲਾਕਾਤਾਂ ਕਰਵਾਈਆਂ, ਜੋ ਟੂਟੀਆਂ ਦਾ ਕੰਮ ਦੇਸ਼ ਦੀ ਵੰਡ ਵੇਲੇ ਛੱਡ ਕੇ ਆਏ ਸੀ ਉਹ ਜ਼ੀਆ ਭਾਈ ਚਲਾ ਰਹੇ ਹਨ। ਉਥੇ ਸਭ ਨੇ ਬਹੁਤ ਨਿੱਘਾ ਪਿਆਰ ਦਿੱਤਾ। ਉੱਥੇ ਸਾਡੇ ਪੁਰਾਣੇ ਮਕਾਨ ਵਿਚ ਜਿਹੜੇ ਲੋਕ ਰਹਿੰਦੇ ਹਨ, ਉਹਨਾਂ ਸਾਨੂੰ ਇਨ੍ਹਾਂ ਸਤਿਕਾਰ ਦਿੱਤਾ ਜਿਵੇਂ ਅਸੀਂ ਹੁਣ ਵੀ ਉਸ ਮਕਾਨ ਦੇ ਮਾਲਕ ਹੋਈਏ ਤੇ ਉਹ ਕਿਰਾਏਦਾਰ। ਮਕਾਨ ਅਜੇ ਤੱਕ ਉਸੇ ਤਰ੍ਹਾਂ ਖੜਾ ਹੈ। ਕੋਈ ਤਬਦੀਲੀ ਨਹੀਂ ਹੋਈ। ਲੱਕੜ ਦੀਆਂ ਸ਼ਤੀਰੀਆਂ ਸਹਾਰੇ ਮਕਾਨ ਦੀ ਇੰਨੀ ਮਜ਼ਬੂਤੀ ਉਹ ਵੀ ਇੰਨੇ ਸਾਲ ਪੁਰਾਣੀ ਵੇਖ ਕੇ ਹੈਰਾਨੀ ਹੋਈ।

22 ਮਾਰਚ 2005 ਨੂੰ ਸ਼ਹਿਰ ਵਾਲਿਆਂ ਨੇ ਜ਼ੀਆ ਉੱਲ ਭਾਈ ਦੀ ਇਕ ਪਾਰਟੀ ਉੱਥੋਂ ਦੇ ਹੋਟਲ ਵਿਚ ਕੀਤੀ। ਜਿਸ ਵਿਚ ਸਾਨੂੰ ਮੁੱਖ ਅਤਿਥੀ ਦੇ ਤੌਰ 'ਤੇ ਬੁਲਾਇਆ ਗਿਆ। ਇਸ ਮੌਕੇ ਤੇ ਅਖਬਾਰ ਵਾਲੇ ਵੀ ਆਏ ਹੋਏ ਸਨ। ਸਾਰੀ ਪਾਰਟੀ ਦੀਆਂ ਖਬਰਾਂ ਤਸਵੀਰਾਂ ਸਹਿਤ ਛਾਪੀਆਂ। 23 ਮਾਰਚ ਨੂੰ ਸਵੇਰੇ ਹੀ ਜ਼ੀਆ ਭਾਈ ਸਾਨੂੰ ਆਪਣੀ ਕਾਰ ਵਿਚ ਨਨਕਾਣਾ ਸਾਹਿਬ ਲੈ ਗਏ। ਦਰਸ਼ਨ ਕਰਕੇ ਮਨ ਨੂੰ ਠੰਡ ਪਈ ਤੇ ਅੱਖਾਂ ਵਿਚ ਪਾਣੀ ਭਰ ਆਇਆ। ਧੰਨ ਗੁਰੂ ਨਾਨਕ ਤੇਰੇ ਨਨਕਾਣੇ ਲਈ ਦਰਸ਼ਨਾਂ ਲਈ ਇੰਨੀ ਇੰਤਜਾਰ। ਮੇਹਰ ਕਰੋ ਇਸ ਤਰ੍ਹਾਂ ਦੇ ਦਰਸ਼ਨ ਹੁੰਦੇ ਰਹਿਣ। ਗੁਰਦੁਆਰਾ ਬੜਾ ਹੀ ਸੁੰਦਰ ਬਣਿਆ ਹੋਇਆ ਹੈ। ਜੋ ਨਕਸ਼ਾ ਮੇਰੇ ਦਿਮਾਗ ਵਿਚ ਸੀ ਵੰਡ ਤੋਂ ਪਹਿਲਾਂ ਦਾ ਉਹ ਬਿਲਕੁਲ ਬਦਲਿਆ ਹੋਇਆ ਹੈ, ਉਸ ਵੇਲੇ ਲਕੜੀ ਦੇ ਦਰਵਾਜੇ ਰਾਹੀਂ ਅੰਦਰ ਜਾ ਕੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਸੀ। ਹੁਣ ਤੇ ਬਾਹਰ ਸਭ ਪੱਥਰ ਦੀਆਂ ਦੀਵਾਰਾਂ ਹਨ। ਬੜਾ ਸੁੰਦਰ ਲੋਹੇ ਦਾ ਗੇਟ ਹੈ। ਉਸ ਦੇ ਬਾਹਰ ਬੜਾ ਸੋਹਣਾ ਲਾੱਨ ਹੈ। ਬੜੇ ਸੁੰਦਰ ਬੂਟੇ ਲੱਗੇ ਹੋਏ ਹਨ। ਗੁਰਦੁਆਰਾ ਸਾਹਿਬ ਅੰਦਰੋਂ ਸੁੰਦਰ ਹੈ ਤੇ ਦੇਖਭਾਲ ਵੀ ਚੰਗੀ ਹੈ।

ਸੇਵਾਦਾਰ ਦੱਸਦੇ ਸੀ ਕਿ ਅਸੀਂ 60 ਸਿੱਖ ਪਰਿਵਾਰ ਇੱਥੇ ਰਹਿੰਦੇ ਹਾਂ ਤੇ ਅਸੀਂ ਪਾਕਿਸਤਾਨੀ ਨੈਸ਼ਨਲ ਹਾਂ। ਅਸੀਂ ਇੱਥੋਂ ਵੰਡ ਵੇਲੇ ਗਏ ਹੀ ਨਹੀਂ। ਕੁਝ ਕੁ ਪਰਿਵਾਰ ਸ਼ੇਖੂਪੁਰਾ ਤੇ ਕੁਝ ਕੁ ਰਾਵਲਪਿੰਡੀ ਅਤੇ ਪੇਸ਼ਾਵਰ ਤੋਂ ਆਏ ਹਾਂ। ਸਾਡੇ ਲੋਕ ਕੁਝ ਤਾਂ ਠੇਕੇਦਾਰੀ ਕਰਦੇ ਹਨ। ਕੁਝ ਦੁਕਾਨਦਾਰੀ ਤੇ ਕੁਝ ਮਜ਼ਦੂਰੀ ਵੀ ਕਰਦੇ ਹਨ।

ਗੁਰਦੁਆਰਾ ਸਾਹਿਬ ਦਾ ਪ੍ਰਬੰਧ ਇੱਥੋਂ ਦੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਹੈ। ਇਸ ਦੇ ਮੈਂਬਰ ਸਰਦਾਰ ਹਨ ਤੇ ਕੁਝ ਮੁਸਲਮਾਨ ਭੀ ਹਨ।

ਦੂਜੇ ਦਿਨ ਸਾਨੂੰ ਐਮਨਾਬਾਦ ਲਿਜਾਇਆ ਗਿਆ। ਇੱਥੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕੀਤੇ। ਗੁਰਦੁਆਰਾ ਸਾਹਿਬ ਦਾ ਬਾਹਰ ਦਾ ਨਕਸ਼ਾ ਉਹੀ ਪੁਰਾਣਾ ਹੀ ਹੈ। ਅੰਦਰੋਂ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਤਬਦੀਲ ਹੈ। ਇੱਥੋਂ ਦੇ ਸੇਵਾਦਾਰ ਵੀ ਰਾਵਲਪਿੰਡੀ ਦੇ ਹਨ ਅਤੇ ਪਾਕਿਸਤਾਨੀ ਨੈਸ਼ਨਲ ਹਨ। ਐਮਨਾਬਾਦ ਵਿਸਾਖੀ ਦਾ ਮੇਲਾ ਬੜਾ ਮਸ਼ਹੂਰ ਸੀ ਤੇ ਜੀਆ ਭਾਈ ਦੱਸਦੇ ਸੀ ਕਿ ਅਜੇ ਵੀ ਇੱਥੇ ਵਿਸਾਖੀ ਦਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸੇ ਦੌਰਾਨ ਇਕ ਵਾਰ ਫੇਰ ਆਪਣਾ ਮਕਾਨ ਵੇਖਣ ਗਏ। ਉੱਥੇ ਇਕ ਬਜ਼ੁਰਗ ਸੱਜਣ ਮਿਲੇ। ਬੜੇ ਪਿਆਰ ਨਾਲ ਜੱਫਾ ਮਾਰ ਕਿ ਮਿਲੇ ਤੇ ਪੁੱਛਣ ਲੱਗੇ ਕਿ ਆਪ ਦੀ ਰਹਾਇਸ਼ ਕਿੱਥੇ ਸੀ। ਮੈਂ ਉਸ ਵੇਲੇ ਬਜ਼ਾਰ ਵਿਚ ਆਪਣੇ ਮਕਾਨ ਦੇ ਥੱਲੇ ਹੀ ਖੜਾ ਸੀ। ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਇਸ ਮਕਾਨ ਵਿਚ ਤਾਂ ਉਹ ਕਹਿਣ ਲੱਗਾ ਕਿ ਵਾਹ ਤਾਂ ਆਪ ਸ. ਸ਼ੇਰ ਸਿੰਘ ਦੇ ਲੜਕੇ ਹੋ। ਬੜਾ ਖੁਸ਼ ਹੋਇਆ। ਪਿਤਾ ਜੀ ਬਾਰੇ ਪੁੱਛਣ ਲੱਗਾ ਜਦੋਂ ਮੈਂ ਦੱਸਿਆ ਕਿ ਉਹ ਤਾਂ ਸਵਰਗਵਾਸ ਹੋ ਗਏ ਹਨ ਤਾਂ ਉਸ ਨੇ ਬੜਾ ਦੁੱਖ ਪ੍ਰਗਟ ਕੀਤਾ। ਫਿਰ ਪੁੱਛਣ ਲੱਗਾ ਗਿਆਨੀ ਜੀ ਦੀ ਵੱਡੀ ਲੜਕੀ ਹਰਸ਼ਰਨ ਸੀ ਉਸ ਦਾ ਕੀ ਹਾਲ ਹੈ? ਇਹ ਸੁਣਕੇ ਮਹਿਸੂਸ ਹੋਇਆ ਕਿ ਇਹ ਸੱਜਣ ਮੇਰੇ ਹਾਣ ਦੇ ਹਨ। ਬੱਸ ਇਸ ਤੋਂ ਬਾਅਦ ਕੋਈ ਪੁਰਾਣਾ ਇਕ ਦੂਜੇ ਨੂੰ ਜਾਣਨ ਵਾਲਾ ਉਸ ਵਕਤ ਦਾ ਕੋਈ ਨਹੀਂ ਮਿਲੇਗਾ। ਬਜ਼ਾਰ ਵਿਚੋਂ ਭੀੜ ਲੱਗ ਗਈ। ਸਾਰੇ ਬੜੇ ਪਿਆਰ ਨਾਲ ਮਿਲਦੇ ਰਹੇ।

ਸਾਡੇ ਚਾਚਾ ਜੀ ਅਬਦੁਲ ਵਾਹਿਦ ਰਾਸਿਖ ਅਰਫਾਨੀ ਦਾ ਕਾਫੀ ਵੱਡਾ ਪਰਿਵਾਰ ਹੈ। ਮਿਲਣ ਲਈ ਹਰ ਇਕ ਨੇ ਖਾਹਿਸ਼ ਪ੍ਰਗਟ ਕੀਤੀ। ਅਸੀਂ ਉਹਨਾਂ ਦੇ ਘਰ ਜ਼ਰੂਰ ਜਾਈਏ ਤੇ ਖਾਣਾ ਉਨ੍ਹਾਂ ਨਾਲ ਖਾਈਏ। ਤਾਂ ਜੋ ਉਹਨਾਂ ਦੇ ਬੱਚੇ ਸਾਨੂੰ ਮਿਲ ਲੈਣ। ਉਹ ਮਨਧੀਰ ਨੂੰ ਵੀ ਮਿਲ ਲੈਣਾ ਚਾਹੁੰਦੇ ਸਨ ਤਾਂ ਜੋ ਰਿਸ਼ਤਾ ਅਗਲੀ ਜਨਰੇਸ਼ਨ ਵਿਚ ਚਲਦਾ ਰਹੇ। ਸਾਡੇ ਕੋਲ ਵਕਤ ਦੀ ਤੰਗੀ ਸੀ। ਦਿਲ ਤਾਂ ਕਰਦਾ ਸੀ ਕਿ ਕੁਝ ਦਿਨ ਹੋਰ ਰਹਿੰਦੇ। ਪਰ ਮਨਧੀਰ ਨੇ ਵਾਪਿਸ ਜਾਣਾ ਸੀ। ਇਕ ਦਿਨ ਇਕ ਮੁਖੀਆ ਬਜ਼ੁਰਗ ਨੇ ਆਪਣੇ ਘਰ ਆਪਣੇ ਸਭ ਰਿਸ਼ਤੇਦਾਰਾਂ ਨੂੰ ਖਾਣੇ ਤੇ ਬੁਲਾਇਆ, ਸਾਰਿਆਂ ਨਾਲ ਸਾਡੀ ਮੁਲਾਕਾਤ ਕਰਵਾਈ। ਕੋਈ 250 ਦੇ ਕਰੀਬ ਇਕੱਠ ਸੀ। ਸਭ ਨੇ ਬੜਾ ਨਿੱਘਾ ਪਿਆਰ ਦਿੱਤਾ।

ਉੱਥੇ ਸਾਡੇ ਘਰ ਦੇ ਨਾਲ ਕਿਤਾਬਾਂ ਦਾ ਬਜ਼ਾਰ ਹੈ ਜੋ ਹੁਣ ਉਰਦੂ ਬਜ਼ਾਰ ਦੇ ਨਾਂ ਨਾਲ ਮਸ਼ਹੂਰ ਹੈ। ਉੱਥੇ ਕੁਝ ਕਿਤਾਬਾਂ ਦੇਖਣ ਲਈ ਗਏ। ਉੱਥੇ ਉਰਦੂ ਵਿਚ ਮੁਨਸ਼ੀ ਪ੍ਰੇਮ ਚੰਦ, ਕਿਸ਼ਨ ਚੰਦ੍ਰ, ਰਾਜਿੰਦਰ ਸਿੰਘ ਬੇਦੀ ਅਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਿਤਾਬਾਂ ਛਪੀਆਂ ਹੋਈਆ ਵਿਕ ਰਹੀਆਂ ਸਨ। ਜਿਸ ਰਸਤੇ ਤੇ ਗਏ। ਜਿਸ ਜਗ੍ਹਾ ਤੇ ਗਏ, ਇੰਨਾ ਪਿਆਰ ਮਿਲਿਆ ਕਿ ਦੱਸ ਨਹੀਂ ਸਕਦਾ। ਸਿਰ 'ਤੇ ਪਗੜੀ ਦੇਖ ਕੇ ਦੂਰੋਂ ਹੀ ਲੋਕ ਮਿਲਣ ਆ ਜਾਂਦੇ ਤੇ ਝੱਟ ਹੀ ਠੰਢਾ ਪਿਲਾਣ ਦੀ ਜਿੱਦ ਕਰਦੇ।

24 ਮਾਰਚ 2005 ਨੂੰ ਵਾਪਸੀ ਸੀ। ਅਸੀਂ ਸਵੇਰੇ ਹੀ ਲਾਹੌਰ ਪੁੱਜ ਗਏ। ਗੁਰਦੁਆਰਾ ਡੇਹਰਾ ਸਾਹਿਬ ਬੜਾ ਸੁੰਦਰ ਬਣਿਆ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧੀ ਵੀ ਸੁੰਦਰ ਬਣੀ ਹੋਈ ਹੈ। ਗੁਰਦੁਆਰਾ ਨਨਕਾਣਾ ਸਾਹਿਬ ਤੇ ਡੇਹਰਾ ਸਾਹਿਬ ਲਾਹੌਰ ਤਾਂ ਰੋਜ ਹੀ ਯਾਤਰੀ ਪੁੱਜਦੇ ਹਨ। ਕਿਉਂਕਿ ਇੰਡੀਆ ਤੋਂ ਬਾਹਰ ਪਾਕਿਸਤਾਨ ਲਈ ਵੀਜ਼ਾ ਦੀ ਕੋਈ ਕਠਨਾਈ ਨਹੀਂ ਹੈ। ਸਿਰਫ ਸਾਡੇ ਹੀ ਦਿੱਕਤ ਪੈਂਦੀ ਹੈ। ਵੇਖੋ ਹੁਣ ਦੋਵਾਂ ਮੁਲਕਾਂ ਵਿਚ ਕਾਫੀ ਸੁਧਾਰ ਹੋ ਰਹੇ ਹਨ 'ਤੇ ਆਸ ਹੈ ਕਿ ਆਵਾਜਾਈ ਲਈ ਕਾਫੀ ਸਹੂਲਤ ਹੋ ਜਾਵੇਗੀ। ਪੰਜਾ ਸਾਹਿਬ ਜੀ ਦੇ ਦਰਸ਼ਨ ਕਰਨ ਨਾ ਜਾ ਸਕੇ। ਇਹ ਇੱਛਾ ਮਨ ਦੀ ਰਹਿ ਗਈ। ਅਰਦਾਸ ਕੀਤੀ ਕਿ ਬਾਬਾ ਮਿਹਰ ਕਰਨੀ ਤੇ ਜਲਦੀ ਫਿਰ ਦਰਸ਼ਨ ਕਰਾਉਣੇ।

# ਮੇਰੀ ਮਨਪਸੰਦ ਪੁਸਤਕ : ਗੁਰੂ ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ

ਡਾ. ਕੁਲਦੀਪ ਕੌਰ : ਪਤ੍ਰਿਕਾ 'ਸਿੱਖ ਸ਼ਹਾਦਤ' 'ਚੋਂ ਧੰਨਵਾਦ ਸਹਿਤ

*ਇਹ ਪੁਸਤਕ ਮੁੱਖ ਤੌਰ 'ਤੇ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ ਪਹਿਲੇ ਭਾਗ ਵਿਚ ਮਾਇਆ ਸ਼ਬਦ ਦੀ ਪਰਿਭਾਸ਼ਾ, ਮਾਇਆ ਸੰਕਲਪ ਦੀ ਦਾਰਸ਼ਨਿਕ ਵਿਆਖਿਆ, ਮਾਇਆ ਦਾ ਸਮਾਜਿਕ ਪੱਖ, ਮਾਇਆ ਸੰਕਲਪ ਦਾ ਤੁਲਨਾਤਮਕ ਅਧਿਐਨ ਅਤੇ ਮਾਇਆ ਤੋਂ ਮੁਕਤੀ ਨਾਂ ਦੇ ਅਧਿਆਇ ਹਨ; ਜਦਕਿ ਦੂਜੇ ਅੰਤ੍ਰਿਕਾ ਵਾਲੇ ਭਾਗ ਵਿਚ ਹਵਾਲੇ ਅਤੇ ਟਿੱਪਣੀਆਂ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ, ਸਾਹਿਤ ਕੋਸ਼, ਪੰਜਾਬੀ ਸਾਹਿਤ ਸੰਦਰਭ ਕੋਸ਼, ਇਨਸਾਈਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ ਵਿਚ ਮਾਇਆ ਸ਼ਬਦ ਦੀ ਵਰਤੋਂ ਤੇ ਵਿਆਖਿਆ ਦਾ ਜ਼ਿਕਰ ਹੈ।*

ਡਾ. ਜਾਗੀਰ ਸਿੰਘ ਦੀ ਲਿਖੀ 'ਗੁਰੂ ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ' ਮੇਰੀ ਮਨਪਸੰਦ ਪੁਸਤਕ ਹੈ। ਡਾ. ਜਾਗੀਰ ਸਿੰਘ ਗੁਰਮਤਿ ਦੇ ਵਿਦਵਾਨ ਹੋਣ ਦੇ ਨਾਲ ਨਾਲ ਇਕ ਪ੍ਰਸਿੱਧ ਕੀਰਤਨੀਏ ਵੀ ਹਨ। ਉਨ੍ਹਾਂ ਨੇ ਪੰਜਾਬੀ, ਧਰਮ ਅਧਿਐਨ ਅਤੇ ਸੰਗੀਤ ਵਿਸ਼ੇ ਵਿਚ ਐਮ. ਏ. ਕਰਨ ਪਿੱਛੋਂ 'ਗੁਰੂ ਕਾਵਿ ਵਿਚ ਸੰਗੀਤ' ਵਿਸ਼ੇ 'ਤੇ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ ਹੈ। ਅੱਜਕੱਲ੍ਹ ਆਪ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਡਿਪਟੀ ਡਾਇਰੈਕਟਰ (ਅਕਾਦਮਿਕ) ਦੇ ਅਹੁੱਦੇ 'ਤੇ ਬਿਰਾਜਮਾਨ ਹਨ। ਭਿੰਨ ਭਿੰਨ ਸੰਸਥਾਵਾਂ ਨਾਲ ਜੁੜੇ ਹੋਏ ਡਾ. ਜਾਗੀਰ ਸਿੰਘ ਨੇ ਇਸ ਪੁਸਤਕ ਤੋਂ ਇਲਾਵਾ ਪੰਜ ਹੋਰ ਪੁਸਤਕਾਂ ਦੀ ਰਚਨਾ ਕੀਤੀ ਜੋ ਕਿ ਗੁਰਮਤਿ ਅਤੇ ਸੰਗੀਤ ਦੇ ਵਿਸ਼ੇ ਨਾਲ ਸਬੰਧਿਤ ਹਨ। ਕੁਝ ਇਕ ਅਨੁਵਾਦਿਕ ਪੁਸਤਕਾਂ ਤੋਂ ਇਲਾਵਾ ਆਪ ਇਕ ਮਾਸਿਕ ਪੱਤ੍ਰਿਕਾ 'ਅੰਮ੍ਰਿਤ ਕੀਰਤਨ' ਦਾ ਪਿਛਲੇ 13 ਵਰ੍ਹਿਆਂ ਤੋਂ ਸੰਪਾਦਨ ਵੀ ਕਰ ਰਹੇ ਹਨ। ਭਾਸ਼ਾ ਵਿਭਾਗ ਪੰਜਾਬ (1988) ਅਤੇ ਸੰਗੀਤ ਨਾਟਕ ਅਕਾਦਮੀ ਦਿੱਲੀ (2003) ਦੇ ਸ਼੍ਰੋਮਣੀ ਪੁਰਸਕਾਰਾਂ ਤੋਂ ਇਲਾਵਾ ਆਪ ਨੂੰ ਦੇਸ਼-ਵਿਦੇਸ਼ ਵੱਲੋਂ ਕਰੀਬ ਦਰਜਨ ਕੁ ਹੋਰ ਮਾਨ-ਸਨਮਾਨ ਪ੍ਰਾਪਤ ਹੋ ਚੁੱਕੇ ਹਨ।

ਇਹ ਪੁਸਤਕ ਮੁੱਖ ਤੌਰ ਤੇ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ ਪਹਿਲੇ ਭਾਗ ਵਿਚ ਮਾਇਆ ਸ਼ਬਦ ਦੀ ਪਰਿਭਾਸ਼ਾ, ਮਾਇਆ ਸੰਕਲਪ ਦੀ ਦਾਰਸ਼ਨਿਕ ਵਿਆਖਿਆ, ਮਾਇਆ ਦਾ ਸਮਾਜਿਕ ਪੱਖ, ਮਾਇਆ ਸੰਕਲਪ ਦਾ ਤੁਲਨਾਤਮਕ ਅਧਿਐਨ ਅਤੇ ਮਾਇਆ ਤੋਂ ਮੁਕਤੀ ਨਾਂ ਦੇ ਅਧਿਆਇ ਹਨ; ਜਦਕਿ ਦੂਜੇ ਅੰਤ੍ਰਿਕਾ ਵਾਲੇ ਭਾਗ ਵਿਚ ਹਵਾਲੇ ਅਤੇ ਟਿੱਪਣੀਆਂ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ, ਸਾਹਿਤ ਕੋਸ਼, ਪੰਜਾਬੀ ਸਾਹਿਤ ਸੰਦਰਭ ਕੋਸ਼, ਇਨਸਾਈਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ ਵਿਚ ਮਾਇਆ ਸ਼ਬਦ ਦੀ ਵਰਤੋਂ ਤੇ ਵਿਆਖਿਆ ਦਾ ਜ਼ਿਕਰ ਹੈ।

ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਸੱਪਣੀ, ਭੈੜੀ ਸੱਸ, ਚੇਲੀ, ਕੰਚਨ ਨਾਰੀ ਆਦਿ ਦੇ ਅਰਥਾਂ ਵਿਚ ਪ੍ਰਯੁਕਤ ਕੀਤਾ ਹੈ। ਭਗਤ ਕਬੀਰ ਅਤੇ ਗੁਰੂ ਸਾਹਿਬ ਦੇ ਹੋਰ ਸਮਕਾਲੀਆਂ ਨੇ ਵੀ ਮਾਇਆ ਦੇ ਇਹੋ ਜਿਹੇ ਹੀ ਅਰਥ ਕੀਤੇ ਹਨ। 'ਮਾਇਆ' ਸ਼ਬਦ ਵੈਦਿਕ ਕਾਲ ਤੋਂ ਯਾਤਰਾ ਕਰਦਿਆਂ ਆਪਣੇ ਅੰਦਰ ਅਨੇਕ ਪਰੰਪਰਾਵਾਂ ਅਤੇ ਸਿਧਾਂਤਾਂ ਨੂੰ ਸਮਾਉਂਦਾ ਹੋਇਆ ਗੁਰੂ ਸਾਹਿਬ ਦੇ ਸਮੇਂ ਤੱਕ ਪਹੁੰਚਦਿਆਂ ਬੜੇ ਵਿਸ਼ਾਲ ਅਰਥਾਂ ਦਾ ਧਾਰਨੀ ਹੋ ਚੁੱਕਾ ਸੀ। ਇਉਂ ਮਾਇਆ ਦੀ ਸ਼ਬਦ ਤੋਂ ਸੰਕਲਪ ਤੱਕ ਦੀ ਯਾਤਰਾ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਮਾਇਆ ਦਾ ਸੰਕਲਪ ਹੋਰ ਭਾਰਤੀ ਪਰੰਪਰਾਵਾਂ ਨਾਲੋਂ ਵਿਲੱਖਣ ਹੈ।

ਮਾਇਆ ਦੀ ਦਾਰਸ਼ਨਿਕ ਵਿਆਖਿਆ ਕਰਦਿਆਂ ਡਾ. ਸਾਹਿਬ ਦੱਸਦੇ ਹਨ ਕਿ ਭਾਰਤੀ ਦਰਸ਼ਨ ਦੇ ਬੁਨਿਆਦੀ ਸੰਕਲਪਾਂ ਵਿਚ ਮਾਇਆ ਦਾ ਪ੍ਰਮੁੱਖ ਸਥਾਨ ਹੈ। ਭਾਰਤੀ ਦਰਸ਼ਨ ਦੀ ਕਿਸੇ ਵੀ ਪਰੰਪਰਾ ਬਾਰੇ ਇਸ ਸੰਕਲਪ ਤੋਂ ਬਿਨਾਂ ਪੂਰੀ ਵਿਚਾਰ ਕਰਨੀ ਮੁਸ਼ਕਿਲ ਹੈ। ਗੁਰੂ ਨਾਨਕ ਨੇ ਇਸ ਸ਼ਬਦ ਨੂੰ ਪੁਰਾਣੇ ਰੂੜ੍ਹੀਵਾਦੀ ਅਰਥਾਂ ਵਿਚੋਂ ਮੁਕਤ ਕਰਕੇ ਮੌਲਿਕ ਅਰਥਾਂ ਵਿਚ ਵਰਤ ਕੇ ਇਸਨੂੰ ਆਪਣੀ ਵਿਚਾਰਧਾਰਾ ਵਿਚ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਹੈ। ਮਾਇਆ ਉਹ ਹਕੀਕਤ ਹੈ, ਜੋ ਮਨੁੱਖ ਨੂੰ ਅਸਲੀਅਤ ਨਾਲੋਂ ਨਿਖੇੜਦੀ ਹੈ। ਪਰ ਮਾਇਆ ਅਸਲੀਅਤ ਉੱਤੇ ਅਧਾਰਿਤ ਵੀ ਹੈ। ਅਸਲੀਅਤ ਬ੍ਰਹਮ/ਅਕਾਲਪੁਰਖ ਦੇ ਸੰਕਲਪ ਅਨੁਸਾਰ ਹੀ ਮਾਇਆ ਦਾ ਸੰਕਲਪ ਉਸਰਦਾ ਹੈ। ਵੇਦਾਂ ਸੰਸਾਰ ਨੂੰ ਮਾਇਆ ਨਹੀਂ ਕਿਹਾ ਗਿਆ। ਵੇਦਾਂ

ਵਿਚ ਕਈ ਅਜਿਹੇ ਸਲੋਕ ਵੀ ਹਨ ਜਿਨ੍ਹਾਂ ਮੁਤਾਬਿਕ ਇਹ ਸੰਸਾਰ ਯਥਾਰਥ ਹੈ ਅਤੇ ਇਸਦਾ ਜਨਮ ਵੀ ਸਥਾਰਥ ਤੋਂ ਹੋਇਆ ਮੰਨਿਆ ਗਿਆ ਹੈ। ਗੁਰੂ ਨਾਨਕ ਸ੍ਰਿਸ਼ਟੀ ਨੂੰ ਵੇਦਾਂ ਵਾਂਗ ਅਨਾਦਿ ਅਤੇ ਸੈਭੰ ਨਹੀਂ ਮੰਨਦੇ, ਸਗੋਂ ਇਸਨੂੰ ਪ੍ਰਭੂ ਦੀ ਰਚਨਾ ਮੰਨਦੇ ਹਨ। ਗੁਰੂ ਜੀ ਮਾਇਆ ਨੂੰ ਬ੍ਰਹਮ ਦੁਆਰਾ ਰਚੀ ਹੋਈ ਦੱਸਦੇ ਹਨ। ਗੁਰੂ ਸਾਹਿਬ ਇਸ ਸੰਸਾਰ ਨੂੰ ਸਮੁੱਚੇ ਰੂਪ ਵਿਚ 'ਮਾਇਆ' ਨਹੀਂ ਕਹਿੰਦੇ, ਸਗੋਂ ਇਸਦੇ ਕਾਲਿਕ ਅਤੇ ਸੀਮਤ ਰੂਪ ਨੂੰ ਜਿਹੜਾ ਮਨੁੱਖ ਨੂੰ ਨਜ਼ਰ ਆਉਂਦਾ ਹੈ, ਅਤੇ ਜਿਸਨੂੰ ਮਨੁੱਖ ਸੱਚ ਅਤੇ ਅਕਾਲ ਸਮਝ ਲੈਂਦਾ ਹੈ, ਉਸਨੂੰ ਮਾਇਆ ਕਹਿੰਦੇ ਹਨ। ਮਾਇਆ ਤਿੰਨ ਗੁਣਾਂ (ਰਜੋ, ਤਮੋ, ਸਤੋ) ਵਾਲੀ ਹੈ। ਜਿੱਥੇ ਦੂਜੇ ਦਰਸ਼ਨ ਜੀਵ ਨੂੰ ਦਿਮਾਗੀ ਉਲਝਣਾਂ ਵਿਚ ਉਲਝਾਉਂਦੇ ਹਨ ਤੇ ਉਹ ਮਨੁੱਖ ਨੂੰ ਮਾਇਆ ਦੇ ਪ੍ਰਭਾਵ ਹੇਠਾਂ ਲਿਆਉਂਦੇ ਹਨ, ਉੱਥੇ ਗੁਰਬਾਣੀ ਮਾਇਕ ਗਿਆਨ ਦਾ ਵਿਰੋਧ ਕਰਕੇ ਮਨੁੱਖ ਨੂੰ ਬ੍ਰਹਮ ਵੱਲ ਵਿਕਾਸ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਮਾਇਆ ਦੇ ਵਿਭਿੰਨ ਗੁਣਾਂ, ਪੱਖਾਂ ਤੇ ਬੰਧਨਾਂ ਦੀ ਵਿਆਖਿਆ ਕੀਤੀ ਹੈ ਤੇ ਮਨੁੱਖੀ ਜੀਵਨ ਨੂੰ ਇਸਦੇ ਹਨੇਰੇ ਤੋਂ ਮੁਕਤ ਕਰਕੇ ਸੱਚ ਦੇ ਨੂਰ ਦਾ ਪ੍ਰਕਾਸ਼ ਕੀਤਾ, ਜਿਸ ਨਾਲ ਕਿ ਆਮ ਮਨੁੱਖ ਨੂੰ ਮਾਇਆ ਦੀ ਅਸਲੀਅਤ ਬਾਰੇ ਪਤਾ ਲੱਗ ਸਕੇ। ਜਦੋਂ ਮਨੁੱਖ ਨੂੰ ਪਤਾ ਲੱਗਦਾ ਹੈ ਕਿ ਉਸਦਾ ਨਿੱਜ ਨਾਲ ਸੀਮਤ ਹੋਣਾ ਅਤੇ ਸਿਰਫ ਨਿੱਜੀ ਮਨੋਰਥ ਦੀ ਪੂਰਤੀ ਕਰਨਾ ਹੀ 'ਮਾਇਆ' ਹੈ ਤਾਂ ਮਨੁੱਖ ਆਪਣੇ ਸੀਮਤ ਨਿੱਜੀ ਘੇਰੇ ਵਿਚੋਂ ਨਿਕਲ ਕੇ ਸਮੂਹ ਨਾਲ ਜਾ ਜੁੜਦਾ ਹੈ। ਸਮੂਹ ਨਾਲ ਜੁੜਿਆ ਮਨੁੱਖ ਬੁਰਾਈ ਕਰਨ ਲਈ ਨਹੀਂ ਪ੍ਰੇਰਿਤ ਹੁੰਦਾ, ਕਿਉਂਕਿ ਉਹ ਜੋ ਕੁਝ ਕਰਦਾ ਹੈ, ਸਭ ਲਈ ਕਰਦਾ ਹੈ। ਗੁਰੂ ਜੀ ਅਜਿਹਾ ਵਿਸ਼ਵ ਸਮਾਜ ਉਸਾਰਨ ਦੀ ਪ੍ਰੇਰਨਾ ਦਿੰਦੇ ਹਨ, ਓਹਲੇ 'ਚ ਮਨੁੱਖ ਮਾਇਆ ਦੇ ਸੀਮਤ ਬੰਧਨਾਂ ਤੋਂ ਮੁਕਤ ਹੋ ਕੇ ਅਨੰਤ ਪ੍ਰਭੂ ਨਾਲ ਜੁੜ ਸਕੇ।

ਮਾਇਆ ਦੇ ਪ੍ਰਭਾਵ ਕਾਰਨ ਹੀ ਪ੍ਰਭੂ ਨਾਲੋਂ ਲਿਵ ਟੁਟਦੀ ਹੈ ਅਤੇ ਉਸ ਵਿਚ ਦਵੈਤ ਜਾਗ੍ਰਿਤ ਹੁੰਦੇ ਤੇ ਉਹ ਭਟਕਦਾ ਰਹਿੰਦਾ ਹੈ। ਮਾਇਆ ਵਿਚ ਉਹ ਇੰਨਾ ਡੁੱਬ ਜਾਂਦਾ ਹੈ ਕਿ ਇਸ ਜੋਗਾ ਹੀ ਰਹਿ ਜਾਂਦਾ ਹੈ। ਮਨੁੱਖ ਆਪਣੀਆਂ ਲੋੜਾਂ ਤੋਂ ਵਧੇਰੇ ਤ੍ਰਿਸ਼ਨਾ ਅਤੇ ਹੰਕਾਰ ਵਾਸਤੇ ਧਨ ਇਕੱਠਾ ਕਰਨ ਦਾ ਲਾਲਚ ਕਰਦਾ ਹੈ ਅਤੇ ਉਸਨੂੰ ਪ੍ਰਮਾਤਮਾ ਭੁੱਲ ਜਾਂਦਾ ਹੈ। ਇਸੇ ਪ੍ਰਕਾਰ ਜਦੋਂ ਮਨੁੱਖ ਮਾਇਆ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਸ ਅੰਦਰੋਂ 'ਸੁਆਰਥ' ਖਤਮ ਹੋ ਜਾਂਦਾ ਹੈ ਅਤੇ 'ਪਰਸੁਆਰਥ' ਪੈਦਾ ਹੋ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਸਬੰਧੀ ਮਿਲਦੀਆਂ 782 ਤੁਕਾਂ ਵੀ ਪੁਸਤਕ ਵਿਚ ਦਰਜ ਹਨ, ਜਿਨ੍ਹਾਂ ਤੋਂ ਸਾਨੂੰ ਵਿਭਿੰਨ ਅਰਥਾਂ ਵਿਚ ਮਾਇਆ ਦੇ ਸੰਕਲਪ ਦੀ ਜਾਣਕਾਰੀ ਮਿਲਦੀ ਹੈ। ਹੋਰਨਾਂ ਕੋਸ਼ਾਂ, ਜਿਵੇਂ ਕਿ 'ਸਾਹਿਤ ਕੋਸ਼', 'ਪੰਜਾਬੀ ਸਾਹਿਤ ਸੰਦਰਭ ਕੋਸ਼', 'ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' (ਸਾਰੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ) ਅਤੇ ਇਨਸਾਈਕਲੋਪੀਡੀਆ ਆਫ਼ ਰਿਲੀਜਨ ਵਿਚ ਮਿਲਦੇ 'ਮਾਇਆ' ਸ਼ਬਦ ਦੇ ਅਰਥਾਂ ਤੋਂ ਵੀ ਜਾਣੂੰ ਕਰਵਾਇਆ ਗਿਆ ਹੈ। ਇਉਂ ਇਹ ਪੁਸਤਕ ਇਕ ਗੰਭੀਰ ਵਿਸ਼ੇ ਵੱਲ ਸਾਡਾ ਧਿਆਨ ਖਿੱਚਦੀ ਹੈ ਅਤੇ ਸਾਨੂੰ 'ਮਾਇਆ' ਦੇ ਸੰਕਲਪ ਦੀ ਨਿੱਕੀ ਤੋਂ ਵੱਡੀ ਜਾਣਕਾਰੀ ਤੱਕ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦੀ ਕੀਮਤ 150/- ਰੁਪਏ ਅਤੇ ਪੰਨੇ 162 ਹਨ।

# ਬ੍ਰਹਮ ਗਿਆਨੀ ਸੰਤ ਸੁੱਚਾ ਸਿੰਘ ਜੀ ਰਾਹੀਂ ਸਥਾਪਤ ਜਵੱਦੀ ਟਕਸਾਲ

ਧੰਨਵਾਦ ਸਹਿਤ 'ਗੁਰਦੁਆਰਾ ਗੁਰ ਗਿਆਨ ਪ੍ਰਕਾਸ਼', ਜਵੱਦੀ ਟਕਸਾਲ, ਲੁਧਿਆਣਾ

ਜਵੱਦੀ ਟਕਸਾਲ ਦੇ ਬਾਨੀ, ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਦਾ ਜਨਮ ਜਮੀਅਤਗੜ੍ਹ ਭੱਲੇ ਵਿਖੇ ਬਾਪੂ ਸ. ਨਗੀਨਾ ਸਿੰਘ ਅਤੇ ਮਾਤਾ ਧੰਨ ਕੌਰ ਜੀ ਦੇ ਘਰ ਹੋਇਆ। ਪ੍ਰਭੂ ਪਿਆਰ, ਗੁਰੂ ਚਰਨਾਂ ਨਾਲ ਪ੍ਰੀਤੀ ਅਤੇ ਗੁਰਬਾਣੀ ਨਾਲ ਅਟੁੱਟ ਪਿਆਰ ਦੀ ਬਖਸ਼ਿਸ਼ ਆਪ ਜੀ ਨੂੰ ਮਾਤਾ ਜੀ ਦੀਆਂ ਗੁਰ ਸ਼ਬਦ ਰੂਪੀ ਲੋਰੀਆਂ ਤੋਂ ਪ੍ਰਾਪਤ ਹੋਈ। ਅਧਿਆਤਮਕ ਗਿਆਨ ਪ੍ਰਾਪਤੀ ਦੀ ਮੋਹਰ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਤੋਂ ਲਗਵਾ ਕੇ 'ਆਪ ਜਪਹੁ ਅਵਰਾ ਨਾਮੁ ਜਪਾਵਹੁ' ਦੇ ਮਹਾਂਵਾਕ ਨੂੰ ਹਿਰਦੇ ਵਸਾ ਘੁਗ ਵਸਦੇ ਸ਼ਹਿਰ ਲੁਧਿਆਣਾ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਿੰਡ ਜਵੱਦੀ ਵਿਖੇ ਆ ਕੇ ਗੁਰ ਸ਼ਬਦ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਦੀ ਜਵੱਦੀ ਕਲਾਂ ਵਿਖੇ ਸਥਾਪਨਾ ਕੀਤੀ ਜਿੱਥੇ ਆਪ ਨੇ ਗੁਰਮਤਿ ਦੇ ਪ੍ਰਚਾਰ ਲਈ ਵੱਖ ਵੱਖ ਸੰਸਥਾਵਾਂ ਦੀ ਸਥਾਪਨਾ ਕੀਤੀ। ਆਪ ਗੁਰਪੁਰੀ ਸਿਧਾਰਨ ਤੱਕ ਨਿਰੰਤਰ ਕਾਰਜ ਕਰਦੇ ਰਹੇ। ਇਨ੍ਹਾਂ ਕਾਰਜਾਂ ਨੂੰ ਅੱਜ ਕੱਲ੍ਹ ਵਰਤਮਾਨ ਮੁਖੀ ਸੰਤ ਗਿਆਨੀ ਅਮੀਰ ਸਿੰਘ, ਬਾਬਾ ਸੋਹਣ ਸਿੰਘ, ਗੁਰ ਸ਼ਬਦ ਸੰਗੀਤ ਅਕਾਦਮੀ ਦੇ ਪ੍ਰਿੰਸੀਪਲ ਭਾਈ ਸੁਖਵੰਤ ਸਿੰਘ ਜੀ ਅਤੇ ਭਾਈ ਸਾਧੂ ਸਿੰਘ ਜੀ ਨਿਰੰਤਰ ਨਿਭਾ ਰਹੇ ਹਨ।

**ਜਵੱਦੀ ਟਕਸਾਲ ਅਧੀਨ ਕਾਰਜਸ਼ੀਲ ਸੰਸਥਾਵਾਂ ਤੇ ਸ਼ਾਖਾਵਾਂ**

* ਵਿਸਮਾਦੁ ਨਾਦ
* ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਸਿਖਿਇਜ਼ਮ
* ਗੁਰ ਸ਼ਬਦ ਸੰਗੀਤ ਅਕੈਡਮੀ (ਰਜਿ.)
* ਗੁਰੂ ਹਰਿਗੋਬਿੰਦ ਸਾਹਿਬ ਲਾਇਬ੍ਰੇਰੀ
* ਗੁਰਮਤਿ ਸੰਗੀਤ ਅਕੈਡਮੀ ਟੋਰਾਂਟੋ (ਕਨੇਡਾ)
* ਸ੍ਰੀ ਗੁਰੂ ਗ੍ਰੰਥ ਸਾਹਿਬ ਨਿੱਜ ਥਾਉਂ ਭਵਨ
* ਸੁਖ ਸਾਗਰ ਚੈਰੀਟੇਬਲ ਟਰੱਸਟ
* ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਰ ਦਬੜੀਖਾਨਾ, ਜੈਤੋ, ਫਰੀਦਕੋਟ
* ਗੁਰਦੁਆਰਾ ਬਾਬਾ ਫਤਿਹ ਸਿੰਘ ਜੀ ਹੈਬੋਵਾਲ ਖੁਰਦ, ਲੁਧਿਆਣਾ
* ਗੁਰਦੁਆਰਾ ਹਰਿਗੋਬਿੰਦ ਗੜ੍ਹ ਪਿੰਡ ਗਦਾਪੁਰ, ਲੁਧਿਆਣਾ

**ਜਵੱਦੀ ਟਕਸਾਲ ਵੱਲੋਂ ਨਿਰੰਤਰ ਕੀਤੇ ਜਾ ਰਹੇ ਕਾਰਜ**

* ਸਾਲਾਨਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦਾ ਆਯੋਜਨ
* ਸੈਮੀਨਾਰਾਂ ਦਾ ਆਯੋਜਨ
* ਸ਼ਬਦ ਯਾਤਰਾ
  (ਭਗਤਾਂ ਦੇ ਜਨਮ ਅਸਥਾਨਾਂ ਦੀ ਯਾਤਰਾ)
* ਸਿਮਰਨ ਕੈਂਪ
* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ। ਸ਼ੁੱਧ ਬਾਣੀ ਪੜ੍ਹਨ ਵਾਲੇ ਪਾਠੀ ਸਿੰਘ ਅਤੇ ਉੱਚ ਪੱਧਰ ਦੇ ਕਥਾ ਵਾਚਕ ਤਿਆਰ ਕਰਨੇ
* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਦਰਜ ਰਾਗਾਂ ਦੇ ਕੀਰਤਨ ਦੀ ਸਿਖਲਾਈ। ਪੰਜਾਬ ਘਰਾਣਾ ਤਬਲੇ ਦੀ ਅਤੇ ਤੰਤੀ ਸਾਜ਼ਾਂ ਦੀ ਉੱਚ ਪੱਧਰ ਦੇ ਉਸਤਾਦਾਂ ਤੋਂ ਸਿਖਲਾਈ
* ਡਿਪਲੋਮਾ ਇਨ ਗੁਰਮਤਿ ਸੰਗੀਤ
* ਗੁਰਮਤਿ ਅਤੇ ਗੁਰਮਤਿ ਸੰਗੀਤ ਨਾਲ ਸੰਬੰਧਿਤ ਪੁਸਤਕਾਂ ਦੀ ਪ੍ਰਕਾਸ਼ਨਾ
* ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਵੱਖ ਵੱਖ ਸ਼ਹਿਰਾਂ ਵਿਚ ਵਰਕਸ਼ਾਪਾਂ (ਕਾਰਜਸ਼ਾਲਾਵਾਂ) ਦਾ ਆਯੋਜਨ ਕਰਨਾ

**ਬਾਬਾ ਸੁੱਚਾ ਸਿੰਘ ਜੀ ਦੇ ਗੁਰਪੁਰੀ ਸਿਧਾਰਨ ਉਪਰੰਤ ਮੌਜੂਦਾ ਪ੍ਰਬੰਧ ਅਧੀਨ ਕੀਤੇ ਕਾਰਜ:**

* ਅਦੁੱਤੀ ਗੁਰਮਤਿ ਸੰਗੀਤ ਸੰਮੇਲਨ
  2002, 2003, 2004
* 50×100 ਵਰਗ ਫੁੱਟ ਲੰਗਰ ਹਾਲ ਦੀ ਬੇਸਮੈਂਟ ਦਾ ਲੈਂਟਰ ਲਗਾਇਆ ਗਿਆ
* 60×130 ਵਰਗ ਫੁੱਟ ਦਾ ਦੀਵਾਨ ਹਾਲ ਬਣਾਇਆ ਗਿਆ

**ਕੈਸਟਾਂ/ਵੀ.ਸੀ.ਡੀ ਅਤੇ ਡੀ.ਵੀ.ਡੀ.**

* ਆਸਾ ਦੀ ਵਾਰ (ਭਾਈ ਦਿਲਬਾਗ ਸਿੰਘ, ਭਾਈ

ਗੁਲਬਾਗ ਸਿੰਘ)

* ਸਲੋਕ ਮਹਲਾ ਨੌਵਾਂ ਕੀਰਤਨ ਅਤੇ ਕਥਾ
* ਸਲੋਕ ਵਾਰਾਂ ਤੇ ਵਧੀਕ
* ਵਡਾ ਤੇਰਾ ਦਰਬਾਰ (ਜਵੱਦੀ ਟਕਸਾਲ ਦੇ ਵਿਦਿਆਰਥੀ)

ਪ੍ਰਕਾਸ਼ਨਾਵਾਂ

* ਰਾਗ ਸਰੂਪ ਨਿਰਣੇ : ਸ੍ਰੀ ਗੁਰੂ ਗ੍ਰੰਥ ਸਾਹਿਬ
* ਗਉੜੀ ਰਾਗ ਸੁਲੱਖਣੀ
* ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ-ਭਾਗ ਦੂਜਾ (ਸੰਪ. ਪ੍ਰਿੰਸੀਪਲ ਸੁਖਵੰਤ ਸਿੰਘ)
* ਸਿਮ੍ਰਤੀ ਸੰਤ ਬਾਬਾ ਸੁੱਚਾ ਸਿੰਘ ਜੀ
* ਮਰਿਯਾਦਾ ਪੁਰਸ਼ੋਤਮ ਸੰਤ ਬਾਬਾ ਸੁੱਚਾ ਸਿੰਘ ਜੀ (ਜੀਵਨੀ) ਪ੍ਰਿੰ. ਨਰਿੰਦਰ ਸਿੰਘ ਸੋਚ
* ਸ਼ਬਦ ਗੁਰੂ ਰਹੱਸ (ਡਾ. ਐਸ. ਐਸ. ਨਰੂਲਾ)
* ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਡਾ. ਮੇਜਰ ਸਿੰਘ)
* ਸ੍ਵੈ ਪ੍ਰਕਾਸ਼ (ਪ੍ਰਵਚਨ ਸੰਤ ਬਾਬਾ ਸੁੱਚਾ ਸਿੰਘ ਜੀ)

**ਮਿੱਥੇ ਗਏ ਟੀਚੇ:**

* ਦਸ ਮੰਜ਼ਿਲਾਂ ਦਰਬਾਰ ਹਾਲ (100×135 ਵਰਗ ਫੁੱਟ) ਦੀ ਸਥਾਪਨਾ
